| ਪਾਲਿਸੀ ਸਿਰਲੇਖ<br>**ਮੈਡੀਕਲ ਵਿੱਤੀ ਸਹਾਇਤਾ** | ਪਾਲਿਸੀ ਨੰਬਰ<br>**NATL.CB.307** |
|---|---|
| ਜਵਾਬਦੇਹ ਵਿਭਾਗ<br>**ਕੌਮਾਂਤਰੀ ਭਾਈਚਾਰਕ ਸਿਹਤ** | ਲਾਗੂ ਹੋਣ ਦੀ ਮਿਤੀ:<br>**ਜਨਵਰੀ 1, 2024** |
| ਦਸਜਾਵੇਜ਼ ਮਾਲਕ<br>**ਨਿਰਦੇਸ਼ਕ, ਮੈਡੀਕਲ ਵਿੱਤੀ ਸਹਾਇਤਾ** | ਪੰਨਾ<br>**1 ਕੁੱਲ 40** |

## 1.0 ਪਾਲਿਸੀ ਸਟੇਟਮੈਂਟ

Kaiser Foundation Health Plans (KFHP) ਅਤੇ Kaiser Foundation Hospitals (KFH) ਅਜਿਹੇ ਪ੍ਰੋਗਰਾਮ ਪ੍ਰਦਾਨ ਕਰਨ ਲਈ ਵਚਨਬੱਧ ਹਨ ਜੋ ਕਮਜ਼ੋਰ ਅਬਾਦੀ ਨੂੰ ਦੇਖਭਾਲ ਤੱਕ ਆਸਾਨ ਪਹੁੰਚ ਪ੍ਰਦਾਨ ਕਰਦੇ ਹਨ। ਇਸ ਵਚਨਬੱਧਤਾ ਵਿੱਚ ਯੋਗਤਾ ਪ੍ਰਾਪਤ ਘੱਟ ਆਮਦਨੀ ਵਾਲੇ ਬੀਮਾ-ਰਹਿਤ ਅਤੇ ਘੱਟ ਰਕਮ ਦੇ ਬੀਮੇ ਵਾਲੇ ਮਰੀਜ਼ਾਂ ਨੂੰ ਉਦੋਂ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਸ਼ਾਮਲ ਹੈ ਜਦੋਂ ਸੇਵਾਵਾਂ ਲਈ ਭੁਗਤਾਨ ਕਰਨ ਦੀ ਯੋਗਤਾ ਐਮਰਜੈਂਸੀ ਅਤੇ ਮੈਡੀਕਲ ਤੌਰ 'ਤੇ ਲੋੜੀਂਦੀ ਦੇਖਭਾਲ ਤੱਕ ਪਹੁੰਚ ਕਰਨ ਵਿੱਚ ਰੁਕਾਵਟ ਪੈਦਾ ਹੁੰਦੀ ਹੋਵੇ।

## 2.0 ਉਦੇਸ਼

ਇਹ ਪਾਲਿਸੀ ਮੈਡੀਕਲ ਵਿੱਤੀ ਸਹਾਇਤਾ (MFA) ਪ੍ਰੋਗਰਾਮ ਦੁਆਰਾ ਐਮਰਜੈਂਸੀ ਅਤੇ ਮੈਡੀਕਲ ਤੌਰ 'ਤੇ ਲੋੜੀਂਦੀਆਂ ਸੇਵਾਵਾਂ ਲਈ ਯੋਗ ਹੋਣ ਦੀਆਂ ਅਤੇ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੀਆਂ ਲੋੜਾਂ ਦਾ ਵਰਣਨ ਕਰਦੀ ਹੈ। ਇਹਨਾਂ ਲੋੜਾਂ ਦੀ ਪਾਲਣਾ ਸੰਯੁਕਤ ਰਾਜ ਦੇ ਅੰਦਰੂਨੀ ਮਾਲੀਆ ਕੋਡ ਦੀ ਧਾਰਾ 501(r) ਅਤੇ ਲਾਗੂ ਹੋਣ ਵਾਲੇ ਰਾਜ ਨਿਯਮਾਂ ਦੇ ਨਾਲ ਕੀਤੀ ਜਾਂਦੀ ਹੈ ਜੋ ਕਿ ਯੋਗ ਸੇਵਾਵਾਂ ਨੂੰ ਨਜਿੱਠਣਾ, ਕਿਵੇਂ ਪਹੁੰਚ ਪ੍ਰਾਪਤ ਕਰਨੀ ਹੈ, ਪ੍ਰੋਗਰਾਮ ਯੋਗਤਾ ਦੇ ਮਾਪਦੰਡ, MFA ਅਵਾਰਡਾਂ ਦੀ ਬਣਤਰ, ਅਵਾਰਡ ਰਕਮਾਂ ਦੀ ਗਣਨਾ ਕਰਨ ਲਈ ਆਧਾਰ, ਅਤੇ ਮਨਜ਼ੂਰਸ਼ੁਦਾ ਮੈਡੀਕਲ ਬਿੱਲਾਂ ਦਾ ਭੁਗਤਾਨ ਨਾ ਕਰਨ ਦੀ ਸੂਰਤ ਵਿੱਚ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਸੰਬੰਧੀ ਹਨ।

## 3.0 ਦਾਇਰਾ

ਇਹ ਪਾਲਿਸੀ ਉਹਨਾਂ ਕਰਮਚਾਰੀਆਂ 'ਤੇ ਲਾਗੂ ਹੁੰਦੀ ਹੈ ਜੋ ਹੇਠਾਂ ਦਿੱਤੀਆਂ ਇਕਾਈਆਂ ਅਤੇ ਉਹਨਾਂ ਦੀਆਂ ਸਹਾਇਕ ਕੰਪਨੀਆਂ (ਸਮੁੱਚੇ ਤੌਰ 'ਤੇ "KFHP/H" ਵਜੋਂ ਜਾਣੀਆਂ ਜਾਂਦੀਆਂ ਹਨ):

**3.1** Kaiser Foundation Health Plan, Inc. (KFHP);

**3.2** Kaiser Foundation Hospitals (KFH); ਅਤੇ

**3.3** KFHP/H ਸਹਾਇਕ ਕੰਪਨੀਆਂ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**3.4** ਇਹ ਪਾਲਿਸੀ Kaiser Foundation Hospitals ਅਤੇ ਹਸਪਤਾਲ ਨਾਲ ਸੰਬੰਧਤ ਕਲੀਨਿਕਾਂ 'ਤੇ ਲਾਗੂ ਹੁੰਦੀ ਹੈ ਜੋ *Kaiser Permanente Regions ਲਈ ਅਨੁਲੱਗ ਵਿੱਚ ਅਟੈਚਮੈਂਟ 1-8* ਵਿੱਚ ਸੂਚੀਬੱਧ ਹਨ।

## 4.0 ਪਰਿਭਾਸ਼ਾਵਾਂ

ਦੇਖੋ *ਅਤਿੰਕਾ A – ਸ਼ਬਦਾਂ ਲਈ ਸ਼ਬਦਾਵਲੀ*

## 5.0 ਉਪਬੰਧ

ਭਾਵੇਂ ਮਰੀਜ਼ ਦੀ ਉਮਰ, ਅਪੰਗਤਾ, ਲਿੰਗ, ਨਸਲ, ਧਾਰਮਿਕ ਮਾਨਤਾ ਜਾਂ ਪ੍ਰਵਾਸ ਦੀ ਸਥਿਤੀ, ਜਿਨਸੀ ਝੁਕਾਅ, ਰਾਸ਼ਟਰੀ ਮੂਲ, ਕੋਈ ਵੀ ਹੋਵੇ ਅਤੇ ਭਾਵੇਂ ਮਰੀਜ਼ ਕੋਲ ਸਿਹਤ ਕਵਰੇਜ ਹੈ ਜਾਂ ਨਹੀਂ, KFHP/H ਯੋਗ ਮਰੀਜ਼ਾਂ ਲਈ ਐਮਰਜੈਂਸੀ ਅਤੇ ਮੈਡੀਕਲ ਤੌਰ 'ਤੇ ਲੋੜੀਂਦੀ ਦੇਖਭਾਲ ਪ੍ਰਾਪਤ ਕਰਨ ਲਈ ਵਿੱਤੀ ਰੁਕਾਵਟਾਂ ਨੂੰ ਘਟਾਉਣ ਲਈ ਇੱਕ ਟੈਸਟ ਕੀਤੇ ਸਾਧਨਾਂ ਵਾਲਾ MFA ਪ੍ਰੋਗਰਾਮ ਮੁਹੱਈਆ ਕਰਵਾਉਂਦਾ ਹੈ।

### 5.1 ਉਹ ਸੇਵਾਵਾਂ ਜੋ MFA ਪਾਲਿਸੀ ਦੇ ਅਧੀਨ ਯੋਗ ਹਨ ਅਤੇ ਜੋ ਯੋਗ ਨਹੀਂ ਹਨ

**5.1.1 ਯੋਗ ਸੇਵਾਵਾਂ।** MFA ਨੂੰ ਨਿਸ਼ਚਤ (1) ਮੈਡੀਕਲ ਤੌਰ 'ਤੇ ਜ਼ਰੂਰੀ ਸਿਹਤ ਦੇਖਭਾਲ ਸੇਵਾਵਾਂ, ਜਿਸ ਵਿੱਚ ਐਮਰਜੈਂਸੀ ਦੇਖਭਾਲ ਵੀ ਸ਼ਾਮਲ ਹੈ; (2) ਫਾਰਮੇਸੀ ਸੇਵਾਵਾਂ ਅਤੇ ਉਤਪਾਦ; ਅਤੇ (3) Kaiser Permanente (KP) ਸਹੂਲਤਾਂ (ਉਦਾਹਰਨ ਲਈ, ਹਸਪਤਾਲ, ਹਸਪਤਾਲ ਨਾਲ ਸਬੰਧਤ ਕਲੀਨਿਕ, ਮੈਡੀਕਲ ਕੇਂਦਰ, ਅਤੇ ਮੈਡੀਕਲ ਦਫ਼ਤਰ ਦੀਆਂ ਇਮਾਰਤਾਂ) ਵਿਖੇ, KFHP/H ਬਾਹਰੀ-ਮਰੀਜ਼ ਕੇਂਦਰਾਂ ਵਿਖੇ, ਮੇਲ ਆਰਡਰ ਅਤੇ ਵਿਸ਼ੇਸ਼ ਫਾਰਮੇਸੀਆਂ, ਜਾਂ KP ਪ੍ਰਦਾਤਾਵਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਮੈਡੀਕਲ ਸਪਲਾਈਆਂ, ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ ਲਈ ਲਾਗੂ ਕੀਤਾ ਜਾ ਸਕਦਾ ਹੈ:

**5.1.1.1 ਮੈਡੀਕਲ ਤੌਰ 'ਤੇ ਜ਼ਰੂਰੀ ਸੇਵਾਵਾਂ।** ਦੇਖਭਾਲ, ਇਲਾਜ, ਜਾਂ KP ਪ੍ਰਦਾਤਾ ਦੁਆਰਾ ਆਰਡਰ ਕੀਤੀਆਂ ਜਾਂ ਪ੍ਰਦਾਨ ਕੀਤੀਆਂ ਸੇਵਾਵਾਂ ਜੋ

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

ਕਿਸੇ ਮੈਡੀਕਲ ਸਥਿਤੀ ਦੀ ਰੋਕਥਾਮ, ਮੁਲਾਂਕਣ, ਨਿਦਾਨ, ਜਾਂ ਇਲਾਜ ਲਈ ਲੋੜੀਂਦੀਆਂ ਹੁੰਦੀਆਂ ਹਨ ਅਤੇ ਜੋ ਮੁੱਖ ਤੌਰ 'ਤੇ ਮਰੀਜ਼ ਜਾਂ ਮੈਡੀਕਲ ਦੇਖਭਾਲ ਪ੍ਰਦਾਤਾ ਦੀ ਸਹੂਲਤ ਲਈ ਨਹੀਂ ਹੁੰਦੀਆਂ ਹਨ।

**5.1.1.2 ਡਾਕਟਰ ਦੁਆਰਾ ਤਜ਼ਵੀਜ਼ ਕੀਤੀਆਂ ਅਤੇ ਫਾਰਮੇਸੀ ਸਪਲਾਈਆਂ।** ਇੱਕ KFHP/H ਫਾਰਮੇਸੀ ਵਿੱਚ ਪੇਸ਼ ਕੀਤੀਆਂ ਗਈਆਂ ਦਵਾਈਆਂ ਅਤੇ KP ਪ੍ਰਦਾਤਾਵਾਂ ਅਤੇ ਇਕਰਾਰਨਾਮੇ ਵਾਲੇ ਪ੍ਰਦਾਤਾਵਾਂ, ਗੈਰ-KP ਐਮਰਜੈਂਸੀ ਵਿਭਾਗ ਅਤੇ ਜ਼ਰੂਰੀ ਦੇਖਭਾਲ ਪ੍ਰਦਾਤਾਵਾਂ, ਦੰਦਾਂ ਦੇ ਡਾਕਟਰਾਂ (DMD) ਅਤੇ ਦੰਦਾਂ ਦੀ ਸਰਜਰੀ ਵਾਲੇ ਡਾਕਟਰਾਂ (DDS) ਦੁਆਰਾ ਤਜਵੀਜ਼ ਕੀਤੀਆਂ ਦਵਾਈਆਂ।

**5.1.1.2.1 ਜੈਨਰਿਕ ਦਵਾਈਆਂ।** ਜਦੋਂ ਵੀ ਸੰਭਵ ਹੋਵੇ, ਜੈਨਰਿਕ ਦਵਾਈਆਂ ਦੀ ਵਰਤੋਂ ਨੂੰ ਤਰਜੀਹ ਦਿੱਤੀ ਜਾਂਦੀ ਹੈ।

**5.1.1.2.2 ਬ੍ਰਾਂਡ ਦੀਆਂ ਦਵਾਈਆਂ।** KP ਪ੍ਰਦਾਤਾ ਦੁਆਰਾ ਲਿਖੇ ਬ੍ਰਾਂਡ ਨਾਮ ਦੀਆਂ ਦਵਾਈਆਂ ਉਦੋਂ ਹੀ ਯੋਗ ਹੁੰਦੀਆਂ ਹਨ ਜਦੋਂ:

**5.1.1.2.2.1** "ਲਿਖੇ ਅਨੁਸਾਰ ਹੀ ਦਿਓ" (DAW) ਦਵਾਈ ਪਰਚੀ 'ਤੇ ਨੋਟ ਕੀਤਾ ਗਿਆ ਹੋਵੇ, ਜਾਂ

**5.1.1.2.2.2** ਕੋਈ ਬਰਾਬਰ ਦੀ ਜੈਨਰਿਕ ਦਵਾਈ ਉਪਲਬਧ ਨਾ ਹੋਵੇ।

**5.1.1.2.3 ਬਿਨਾਂ ਤਜਵੀਜ਼ ਕੀਤੀਆਂ ਦਵਾਈਆਂ ਜਾਂ ਫਾਰਮੇਸੀ ਸਪਲਾਈਆਂ।** ਇਹ ਉਤਪਾਦ ਉਦੋਂ ਯੋਗ ਹੁੰਦੇ ਹਨ ਜਦੋਂ:

**5.1.1.2.3.1** ਇੱਕ KP ਪ੍ਰਦਾਤਾ ਨੇ ਤਜਵੀਜ਼ ਕੀਤੀ ਹੋਵੇ ਜਾਂ ਆਰਡਰ ਲਿਖਿਆ ਹੋਵੇ;

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**5.1.1.2.3.2** ਆਈਟਮ ਕਿਸੇ KP ਫਾਰਮੇਸੀ ਤੋਂ ਭੇਜੀ ਜਾਂਦੀ ਹੋਵੇ; ਅਤੇ

**5.1.1.2.3.3** ਆਈਟਮ KP ਫਾਰਮੇਸੀ ਵਿੱਚ ਨਿਯਮਿਤ ਤੌਰ 'ਤੇ ਉਪਲਬਧ ਹੋਵੇ।

**5.1.1.2.4 Medicare ਲਾਭਪਾਤਰੀ।** ਇੱਕ ਫਾਰਮੇਸੀ ਛੋਟ ਦੇ ਰੂਪ ਵਿੱਚ ਤਜ਼ਵੀਜ਼ ਕੀਤੀਆਂ ਦਵਾਈਆਂ ਨੂੰ Medicare ਲਾਭਪਾਤਰੀਆਂ ਲਈ ਲਾਗੂ ਕੀਤਾ ਗਿਆ ਹੋਵੇ ਜੋ Medicare ਭਾਗ D ਦੇ ਅਧੀਨ ਕਵਰ ਕੀਤੀਆਂ ਗਈਆਂ ਹੋਣ।

**5.1.1.2.5 ਦੰਦਾਂ ਦੀਆਂ ਦਵਾਈਆਂ।** ਜੇ ਦਵਾਈਆਂ ਦੰਦਾਂ ਦੀਆ ਬਿਮਾਰੀਆਂ ਦੇ ਇਲਾਜ ਲਈ ਮੈਡੀਕਲ ਤੌਰ 'ਤੇ ਜ਼ਰੂਰੀ ਹਨ ਤਾਂ DMD ਜਾਂ DDS ਦੁਆਰਾ ਲਿਖੀਆਂ ਦਵਾਈਆਂ ਬਾਹਰੀ-ਮਰੀਜ਼ਾਂ ਲਈ ਸਵੀਕਾਰਯੋਗ ਹੁੰਦੀਆਂ ਹਨ।

**5.1.1.3 ਹੰਢਣਯੋਗ ਮੈਡੀਕਲ ਉਪਕਰਣ (DME)।** KP ਸਹੂਲਤਾਂ ਵਿਖੇ ਨਿਯਮਿਤ ਤੌਰ 'ਤੇ ਉਪਲਬਧ ਹੋਣ ਵਾਲੇ ਉਪਕਰਣਾਂ ਵਿੱਚ ਲਾਗੂ ਹੋਣ ਯੋਗ DME ਸੀਮਿਤ ਹੁੰਦਾ ਹੈ, ਅਤੇ KFHP/H ਦੁਆਰਾ ਅਜਿਹੇ ਮਰੀਜ਼ ਨੂੰ ਹੀ ਸਪਲਾਈ ਕੀਤਾ ਜਾਂਦਾ ਹੈ ਜੋ ਮੈਡੀਕਲ ਲੋੜ ਦੇ ਮਾਪਦੰਡਾਂ ਨੂੰ ਪੂਰਾ ਕਰਦਾ ਹੋਵੇ। DME ਨੂੰ ਇੱਕ KP ਪ੍ਰਦਾਤਾ ਦੁਆਰਾ DME ਹਿਦਾਇਤਾਂ ਅਨੁਸਾਰ ਆਰਡਰ ਕੀਤਾ ਜਾਣਾ ਲਾਜ਼ਮੀ ਹੈ।

**5.1.1.4 Medicaid ਦੁਆਰਾ ਇਨਕਾਰ ਕੀਤੀਆਂ ਸੇਵਾਵਾਂ।** ਮੈਡੀਕਲ ਸੇਵਾਵਾਂ, ਤਜ਼ਵੀਜ਼ ਕੀਤੀਆਂ, ਫਾਰਮੇਸੀ ਸਪਲਾਈਆਂ, ਅਤੇ DME ਜੋ ਰਾਜ ਦੇ Medicaid ਪ੍ਰੋਗਰਾਮ ਦੁਆਰਾ ਕਵਰ ਨਹੀਂ ਕੀਤੀਆਂ ਜਾਂਦੀਆਂ ਹਨ, ਪਰ ਮੈਡੀਕਲ ਤੌਰ 'ਤੇ ਜ਼ਰੂਰੀ ਹੁੰਦੀਆਂ ਹਨ ਅਤੇ KP ਪ੍ਰਦਾਤਾ ਦੁਆਰਾ ਆਰਡਰ ਕੀਤੇ ਜਾਣ ਲਈ ਨਿਰਧਾਰਿਤ ਹੁੰਦੀਆਂ ਹਨ

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

(ਉਦਾਹਰਨ ਲਈ, ਨਵਜੰਮੇ ਬੱਚਿਆਂ ਦੀ ਸੁੰਨਤ, ਹਰਨੀਆ ਸੰਬੰਧੀ ਸੇਵਾਵਾਂ, ਫਾਰਮਾਸਿਊਟੀਕਲ ਮਿਸ਼ਰਣ ਦੀਆਂ ਦਵਾਈਆਂ, ਲੱਛਣਾਂ ਦੇ ਇਲਾਜ ਲਈ ਦਵਾਈਆਂ, ਆਦਿ)।

**5.1.1.5 ਸਿਹਤ ਸਿੱਖਿਆ ਦੀਆਂ ਕਲਾਸਾਂ।** ਉਪਲਬਧ ਕਲਾਸਾਂ ਜੋ KP ਦੁਆਰਾ ਨਿਰਧਾਰਿਤ ਅਤੇ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਜੋ ਮਰੀਜ਼ ਦੀ ਦੇਖਭਾਲ ਯੋਜਨਾ ਦੇ ਹਿੱਸੇ ਵਜੋਂ KP ਪ੍ਰਦਾਤਾ ਦੁਆਰਾ ਸਿਫ਼ਾਰਸ਼ ਕੀਤੀਆਂ ਜਾਂਦੀਆਂ ਹਨ।

**5.1.1.6 ਛੋਟ ਅਧਾਰਿਤ ਉਪਲਬਧ ਸੇਵਾਵਾਂ।** ਕੁਝ ਨਿਸ਼ਚਤ ਅਸਧਾਰਨ ਸਥਿਤੀਆਂ ਵਿੱਚ, MFA ਨੂੰ ਹਸਪਤਾਲ ਤੋਂ ਦਾਖਲ ਮਰੀਜ਼ਾਂ ਨੂੰ ਡਿਸਚਾਰਜ ਦੀ ਸਹੂਲਤ ਲਈ ਉਹਨਾਂ ਚੋਣਵੀਆਂ ਲੋੜੀਂਦੀਆਂ ਸੇਵਾਵਾਂ ਅਤੇ ਸਪਲਾਈਆਂ ਲਈ ਲਾਗੂ ਕੀਤਾ ਜਾ ਸਕਦਾ ਹੈ ਜੋ ਹੇਠਾਂ ਦੱਸੇ ਗਏ ਉੱਚ ਮੈਡੀਕਲ ਖਰਚੇ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਦੀਆਂ ਹੋਣ, ਸੈਕਸ਼ਨ 5.6.2 ਦੇਖੋ। ਜੇ ਮਰੀਜ਼ ਮਾਪਦੰਡਾਂ ਨੂੰ ਪੂਰਾ ਕਰਦਾ ਹੈ, ਤਾਂ ਕਵਰ ਕੀਤੀਆਂ ਸੇਵਾਵਾਂ ਵਿੱਚ ਇੱਕ ਗੈਰ-KP ਸਹੂਲਤ 'ਤੇ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਕੁਸ਼ਲ ਨਰਸਿੰਗ, ਦਰਮਿਆਨੀ ਦੇਖਭਾਲ ਅਤੇ ਰੋਜ਼ਾਨਾ ਜੀਵਨ ਲੋੜਾਂ ਸੰਬੰਧੀ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ। ਸਪਲਾਈਆਂ ਵਿੱਚ ਇੱਕ KP ਪ੍ਰਦਾਤਾ ਦੁਆਰਾ ਲਿਖਿਆ ਜਾਂ ਆਰਡਰ ਕੀਤਾ DME ਸ਼ਾਮਲ ਹੋ ਸਕਦਾ ਹੈ ਅਤੇ ਜਿਸ ਨੂੰ ਹੇਠਾਂ ਦੱਸੇ ਅਨੁਸਾਰ ਇੱਕ ਇਕਰਾਰਨਾਮੇ ਤਹਿਤ/ਵਿਕਰੇਤਾ ਦੁਆਰਾ ਸਪਲਾਈ ਕੀਤਾ ਜਾ ਸਕਦਾ ਹੈ।

**5.1.1.6.1 ਕੁਸ਼ਲ ਨਰਸਿੰਗ ਸੇਵਾਵਾਂ, ਦਰਮਿਆਨੀ ਦੇਖਭਾਲ ਅਤੇ ਰੋਜ਼ਾਨਾ ਜੀਵਨ ਲੋੜਾਂ ਸੰਬੰਧੀ ਸੇਵਾਵਾਂ।** ਇਹ ਸੇਵਾਵਾਂ ਹਸਪਤਾਲ ਤੋਂ ਦਾਖਲ ਮਰੀਜ਼ ਨੂੰ ਡਿਸਚਾਰਜ ਦੀ ਸਹੂਲਤ ਲਈ ਨਿਰਧਾਰਿਤ ਮੈਡੀਕਲ ਲੋੜ ਵਾਲੇ ਮਰੀਜ਼

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

ਨੂੰ ਇਕਰਾਰਨਾਮੇ ਵਾਲੀ KP ਸਹੂਲਤ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆ ਹਨ।

**5.1.1.6.2** **ਹੰਢਣਯੋਗ ਮੈਡੀਕਲ ਉਪਕਰਣ (DME)।** ਵਿਕਰੇਤਾ ਦੁਆਰਾ ਸਪਲਾਈ ਕੀਤਾ DME ਇੱਕ KP ਪ੍ਰਦਾਤਾ ਦੁਆਰਾ DME ਹਿਦਾਇਤਾਂ ਅਨੁਸਾਰ ਆਰਡਰ ਕੀਤਾ ਜਾਂਦਾ ਹੈ ਅਤੇ KFHP/H DME ਵਿਭਾਗ ਦੁਆਰਾ ਇੱਕ ਇਕਰਾਰਨਾਮੇ ਵਾਲੇ ਵਿਕਰੇਤਾ ਦੁਆਰਾ ਸਪਲਾਈ ਕੀਤਾ ਜਾਂਦਾ ਹੈ।

**5.1.2** **ਗੈਰ-ਯੋਗ ਸੇਵਾਵਾਂ।** MFA ਇਹਨਾਂ ਲਈ ਲਾਗੂ ਨਹੀਂ ਹੋ ਸਕਦਾ:

**5.1.2.1** **ਉਹ ਸੇਵਾਵਾਂ ਜਿਨ੍ਹਾਂ ਨੂੰ KP ਪ੍ਰਦਾਤਾ ਦੁਆਰਾ ਨਿਰਧਾਰਤ ਕੀਤੇ ਅਨੁਸਾਰ ਮਹੱਤਵਪੂਰਨ ਜਾਂ ਮੈਡੀਕਲ ਤੌਰ 'ਤੇ ਜ਼ਰੂਰੀ ਨਹੀਂ ਮੰਨਿਆ ਜਾਂਦਾ ਹੈ।** ਹੇਠਾਂ ਉਹਨਾਂ ਸੇਵਾਵਾਂ ਦੀਆਂ ਉਦਾਹਰਨਾਂ ਦੀ ਇੱਕ ਗੈਰ-ਸੰਪੂਰਨ ਸੂਚੀ ਹੈ ਜੋ ਗੈਰ-ਮਹੱਤਵਪੂਰਨ ਹਨ ਜਾਂ ਮੈਡੀਕਲ ਤੌਰ 'ਤੇ ਜ਼ਰੂਰੀ ਨਹੀਂ ਹਨ:

**5.1.2.1.1** ਕਾਸਮੈਟਿਕ ਸਰਜਰੀ ਜਾਂ ਸੇਵਾਵਾਂ, ਜਿਸ ਵਿੱਚ ਚਮੜੀ ਸੰਬੰਧੀ ਸੇਵਾਵਾਂ ਸ਼ਾਮਲ ਹੁੰਦੀਆਂ ਹਨ ਜੋ ਮੁੱਖ ਤੌਰ 'ਤੇ ਮਰੀਜ਼ ਦੀ ਦਿੱਖ ਨੂੰ ਸੁਧਾਰਨ ਦੇ ਉਦੇਸ਼ ਲਈ ਹੁੰਦੀਆਂ ਹਨ।

**5.1.2.1.2** ਨਿਦਾਨਕ ਸੇਵਾਵਾਂ ਸਮੇਤ ਬਾਂਝਪਣ ਦਾ ਇਲਾਜ ਅਤੇ ਸੰਬੰਧਤ ਸੇਵਾਵਾਂ।

**5.1.2.1.3** ਰੀਟੇਲ ਮੈਡੀਕਲ ਸਪਲਾਈਆਂ।

**5.1.2.1.4** ਐਕਿਊਪੰਚਰ, ਕਾਇਰੋਪ੍ਰੈਕਟਿਕ, ਅਤੇ ਮਸਾਜ ਸੇਵਾਵਾਂ ਸਮੇਤ ਵਿਕਲਪਕ ਥੈਰੇਪੀਆਂ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**5.1.2.1.5** ਲਿੰਗਕ ਨਪੁੰਸਕਤਾ ਦੇ ਇਲਾਜ ਲਈ ਟੀਕੇ ਅਤੇ ਉਪਕਰਣ।

**5.1.2.1.6** ਸਰੋਗੇਸੀ ਸੇਵਾਵਾਂ।

**5.1.2.1.7** ਤੀਜੀ ਧਿਰ ਦੀ ਦੇਣਦਾਰੀ, ਨਿੱਜੀ ਬੀਮਾ ਸੁਰੱਖਿਆ ਜਾਂ ਕਰਮਚਾਰੀਆਂ ਦੇ ਮੁਆਵਜ਼ੇ ਦੇ ਕੇਸਾਂ ਨਾਲ ਸੰਬੰਧਤ ਸੇਵਾਵਾਂ।

**5.1.2.1.8 ਗੈਰ-KP ਸਿਹਤ ਬੀਮਾ ਵਾਲੇ ਮਰੀਜ਼ਾਂ ਲਈ ਸੇਵਾਵਾਂ।** ਗੈਰ-ਮਹੱਤਵਪੂਰਨ ਜਾਂ ਗੈਰ-ਜ਼ਰੂਰੀ ਸੇਵਾਵਾਂ ਅਤੇ ਬਾਹਰੀ-ਮਰੀਜ਼ ਫਾਰਮੇਸੀ ਸਪਲਾਈਆਂ ਜੋ ਮਰੀਜ਼ ਦੀ ਗੈਰ-KP ਸਿਹਤ ਕਵਰੇਜ ਦੇ ਅਧੀਨ ਆਉਂਦੀਆਂ ਹਨ ਜਿਸ ਲਈ ਮਰੀਜ਼ਾਂ ਨੂੰ ਪਸੰਦੀਦਾ ਗੈਰ-KP ਪ੍ਰਦਾਤਾਵਾਂ ਅਤੇ ਫਾਰਮੇਸੀਆਂ ਦੇ ਇੱਕ ਨਿਸ਼ਚਿਤ ਨੈੱਟਵਰਕ ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ।

**5.1.2.2 ਤਜਵੀਜ਼ ਕੀਤੀਆਂ ਅਤੇ ਫਾਰਮੇਸੀ ਸਪਲਾਈਆਂ ਜੋ ਮਹੱਤਵਪੂਰਨ ਜਾਂ ਮੈਡੀਕਲ ਤੌਰ 'ਤੇ ਜ਼ਰੂਰੀ ਨਹੀਂ ਮੰਨੀਆਂ ਜਾਂਦੀਆਂ ਹਨ।** ਤਜਵੀਜ਼ ਕੀਤੀਆਂ ਅਤੇ ਫਾਰਮੇਸੀ ਸਪਲਾਈਆਂ ਜੋ ਮਹੱਤਵਪੂਰਨ ਜਾਂ ਮੈਡੀਕਲ ਤੌਰ 'ਤੇ ਜ਼ਰੂਰੀ ਨਹੀਂ ਮੰਨੀਆਂ ਜਾਂਦੀਆਂ ਹਨ, ਉਹਨਾਂ ਵਿੱਚ ਇਹ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਿਤ ਨਹੀਂ ਹਨ:

**5.1.2.2.1** ਉਹ ਦਵਾਈਆਂ ਜੋ ਫਾਰਮੇਸੀ ਅਤੇ ਥੈਰੇਪਿਊਟਿਕਸ ਕਮੇਟੀ ਦੁਆਰਾ ਮਨਜ਼ੂਰ ਨਹੀਂ ਕੀਤੀਆਂ ਗਈਆਂ ਹਨ।

**5.1.2.2.2** ਬਿਨਾਂ ਤਜਵੀਜ਼ ਦੀਆਂ ਦਵਾਈਆਂ ਅਤੇ ਸਪਲਾਈਆਂ ਜੋ ਕਿ KP ਪ੍ਰਦਾਤਾ ਦੁਆਰਾ ਤਜਵੀਜ਼ ਜਾਂ ਆਰਡਰ ਨਹੀਂ ਕੀਤੀਆਂ ਗਈਆਂ ਹਨ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**5.1.2.2.3** ਬਿਨਾਂ ਤਜਵੀਜ਼ ਦੀਆਂ ਦਵਾਈਆਂ ਅਤੇ ਸਪਲਾਈਆਂ ਜੋ KP ਫਾਰਮੇਸੀ ਵਿੱਚ ਨਿਯਮਿਤ ਤੌਰ 'ਤੇ ਉਪਲਬਧ ਨਹੀਂ ਹੁੰਦੀਆਂ ਹਨ ਅਤੇ ਜਿਹਨਾਂ ਲਈ ਖਾਸ ਤੌਰ 'ਤੇ ਆਰਡਰ ਕੀਤਾ ਜਾਣਾ ਲਾਜ਼ਮੀ ਹੁੰਦਾ ਹੈ।

**5.1.2.2.4** ਤੀਜੀ ਧਿਰ ਦੀ ਦੇਣਦਾਰੀ, ਨਿੱਜੀ ਬੀਮਾ ਸੁਰੱਖਿਆ ਜਾਂ ਕਰਮਚਾਰੀਆਂ ਦੇ ਮੁਆਵਜ਼ੇ ਦੇ ਕੇਸਾਂ ਨਾਲ ਸੰਬੰਧਤ ਤਜਵੀਜਾਂ।

**5.1.2.2.5** ਖਾਸ ਤੌਰ 'ਤੇ ਬਾਹਰ ਰੱਖੀਆਂ ਗਈਆਂ ਦਵਾਈਆਂ (ਉਦਾਹਰਨ ਲਈ, ਬਾਂਝਪਣ, ਕਾਸਮੈਟਿਕ, ਲਿੰਗਕ ਨਪੁੰਸਕਤਾ ਨਾਲ ਸੰਬੰਧੀ)।

**5.1.2.3 ਘੱਟ ਆਮਦਨੀ ਲਈ ਸਬਸਿਡੀ (LIS) ਪ੍ਰੋਗਰਾਮ ਵਾਸਤੇ ਯੋਗ ਨਾਮਾਂਕਣਾਂ ਜਾਂ ਨਾਮਾਂਕਿਤਾਂ ਲਈ Medicare ਭਾਗ D ਦੀਆਂ ਤਜਵੀਜ਼ਾਂ।** Medicare ਐਡਵਾਂਟੇਜ ਭਾਗ D ਵਿੱਚ ਨਾਮਾਂਕਣ ਜੋ ਜਾਂ ਤਾਂ LIS ਪ੍ਰੋਗਰਾਮ ਲਈ ਯੋਗ ਹਨ ਜਾਂ ਇਸ ਲਈ ਨਾਮਾਂਕਿਤ ਹਨ ਲਈ Medicare & Medicaid ਸੇਵਾਵਾਂ ਦੇ ਕੇਂਦਰ (CMS) ਦੀਆਂ ਹਿਦਾਇਤਾਂ ਦੇ ਅਨੁਸਾਰ ਤਜਵੀਜ਼ ਕੀਤੀਆਂ ਦਵਾਈਆਂ ਲਈ ਬਾਕੀ ਦੀ ਲਾਗਤ ਦੇ ਹਿੱਸੇ ਦਾ ਭੁਗਤਾਨ ਕਰਨਾ।

**5.1.2.4 KP ਸਹੂਲਤਾਂ ਦੇ ਬਾਹਰ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ।** MFA ਪਾਲਿਸੀ ਸਿਰਫ਼ KP ਸਹੂਲਤਾਂ 'ਤੇ, ਜਾਂ KP ਪ੍ਰਦਾਤਾਵਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ 'ਤੇ ਲਾਗੂ ਹੁੰਦੀ ਹੈ।

**5.1.2.4.1** ਇੱਥੋਂ ਤੱਕ ਕਿ ਕਿਸੇ KP ਪ੍ਰਦਾਤਾ ਦੇ ਰੈਫਰਲ 'ਤੇ ਵੀ, ਹੋਰ ਸਾਰੀਆਂ ਸੇਵਾਵਾਂ MFA ਲਈ ਅਯੋਗ ਹੁੰਦੀਆਂ ਹਨ।

**5.1.2.4.2** ਗੈਰ-KP ਮੈਡੀਕਲ ਦਫਤਰਾਂ, ਜ਼ਰੂਰੀ ਦੇਖਭਾਲ ਸਹੂਲਤਾਂ ਅਤੇ ਐਮਰਜੈਂਸੀ ਵਿਭਾਗਾਂ ਦੇ ਨਾਲ-ਨਾਲ ਗੈਰ-KP ਘਰੇਲੂ ਸਿਹਤ, ਹਾਸਪਾਈਸ, ਰਿਕਿਉਪਰੇਟਿਵ ਕੇਅਰ,

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

ਅਤੇ ਰੋਜ਼ਾਨਾਂ ਜੀਵਨ ਲੋੜਾਂ ਸੰਬੰਧੀ ਸੇਵਾਵਾਂ ਵਿੱਚ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਨੂੰ ਉਦੋਂ ਬਾਹਰ ਰੱਖਿਆ ਗਿਆ ਹੈ, ਜਦੋਂ ਤੱਕ ਉਪਰੋਕਤ ਸੈਕਸ਼ਨ 5.1.1.6 ਦੇ ਅਨੁਸਾਰ ਛੋਟ ਵਜੋਂ ਪਛਾਣ ਨਹੀਂ ਕੀਤੀ ਜਾਂਦੀ।

**5.1.2.5 ਹੰਢਣਯੋਗ ਮੈਡੀਕਲ ਉਪਕਰਣ (DME)।** ਇਕਰਾਰਨਾਮੇ ਵਾਲੇ ਵਿਕਰੇਤਾ ਦੁਆਰਾ ਸਪਲਾਈ ਕੀਤੇ ਗਏ DME ਨੂੰ KP ਪ੍ਰਦਾਤਾ ਦੁਆਰਾ ਆਰਡਰ ਕਰਨ 'ਤੇ ਵੀ ਬਾਹਰ ਰੱਖਿਆ ਜਾਂਦਾ ਹੈ, ਜਦੋਂ ਤੱਕ ਇਸ ਦੀ ਉਪਰੋਕਤ ਸੈਕਸ਼ਨ 5.1.1.6 ਦੇ ਅਨੁਸਾਰ ਛੋਟ ਵਜੋਂ ਪਛਾਣ ਨਹੀਂ ਕੀਤੀ ਜਾਂਦੀ।

**5.1.2.6 ਆਵਾਜਾਈ ਸੇਵਾਵਾਂ ਅਤੇ ਯਾਤਰਾ ਦੇ ਖਰਚੇ।** MFA ਪ੍ਰੋਗਰਾਮ ਐਮਰਜੈਂਸੀ ਜਾਂ ਗੈਰ-ਮਹਤਵਪੂਰਨ ਆਵਾਜਾਈ ਜਾਂ ਯਾਤਰਾ ਨਾਲ ਸੰਬੰਧਤ ਖਰਚਿਆਂ (ਜਿਵੇਂ ਕਿ, ਰਿਹਾਇਸ਼ ਅਤੇ ਭੋਜਨ) ਲਈ ਭੁਗਤਾਨ ਕਰਨ ਵਿੱਚ ਮਰੀਜ਼ਾਂ ਦੀ ਸਹਾਇਤਾ ਨਹੀਂ ਕਰਦਾ ਹੈ।

**5.1.2.7 ਸਿਹਤ ਪਲਾਨ ਦੀ ਕਿਸ਼ਤ।** MFA ਪ੍ਰੋਗਰਾਮ ਮਰੀਜ਼ਾਂ ਨੂੰ ਸਿਹਤ ਦੇਖਭਾਲ ਕਵਰੇਜ (ਜਿਵੇਂ ਕਿ ਬਕਾਇਆ ਜਾਂ ਕਿਸ਼ਤਾਂ) ਨਾਲ ਸੰਬੰਧਤ ਲਾਗਤਾਂ ਦਾ ਭੁਗਤਾਨ ਕਰਨ ਵਿੱਚ ਸਹਾਇਤਾ ਨਹੀਂ ਕਰਦਾ ਹੈ।

**5.1.3** ਖੇਤਰ-ਵਿਸ਼ੇਸ਼ ਯੋਗ ਅਤੇ ਗੈਰ-ਯੋਗ ਸੇਵਾਵਾਂ ਅਤੇ ਉਤਪਾਦਾਂ ਬਾਰੇ ਵਾਧੂ ਜਾਣਕਾਰੀ ਸੰਬੰਧਿਤ ਅਨੁਲੱਗ ਵਿੱਚ ਉਪਲਬਧ ਹੈ। *Kaiser Permanente Regions, ਅਟੈਚਮੈਂਟਾਂ 1-8 ਲਈ ਅਨੁਲੱਗਾਂ ਨੂੰ ਦੇਖੋ।*

**5.2 ਪ੍ਰਦਾਤੇ।** MFA ਸਿਰਫ਼ ਮੈਡੀਕਲ ਦੇਖਭਾਲ ਪ੍ਰਦਾਤਾਵਾਂ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਉਹਨਾਂ ਯੋਗ ਸੇਵਾਵਾਂ 'ਤੇ ਲਾਗੂ ਹੁੰਦਾ ਹੈ ਜਿਨ੍ਹਾਂ 'ਤੇ MFA ਪਾਲਿਸੀ ਲਾਗੂ ਹੁੰਦੀ ਹੈ। *Kaiser Permanente Regions, ਅਟੈਚਮੈਂਟਾਂ 1-8 ਲਈ ਅਨੁਲੱਗਾਂ ਨੂੰ ਦੇਖੋ।*

**5.3 ਪ੍ਰੋਗਰਾਮ ਜਾਣਕਾਰੀ ਸਰੋਤਾਂ ਅਤੇ MFA ਲਈ ਅਰਜ਼ੀ ਕਿਵੇਂ ਦੇਣੀ ਹੈ।** MFA ਪ੍ਰੋਗਰਾਮ ਬਾਰੇ ਵਾਧੂ ਜਾਣਕਾਰੀ ਅਤੇ ਅਰਜ਼ੀ ਕਿਵੇਂ ਦੇਣੀ ਹੈ ਬਾਰੇ ਸੰਬੰਧਤ ਅਨੁਲੱਗ ਵਿੱਚ ਸੰਖੇਪ

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

ਜਾਣਕਾਰੀ ਦਿੱਤੀ ਗਈ ਹੈ। *Kaiser Permanente Regions, ਅਟੈਚਮੈਂਟਾਂ 1-8 ਲਈ ਅਨੁਲੱਗਾਂ ਨੂੰ ਦੇਖੋ।*

**5.3.1 ਪ੍ਰੋਗਰਾਮ ਜਾਣਕਾਰੀ ਦੇ ਸਰੋਤ।** MFA ਪਾਲਿਸੀ ਦੀਆਂ ਕਾਪੀਆਂ, ਅਰਜੀ ਫਾਰਮ, ਹਦਾਇਤਾਂ, ਅਤੇ ਸਾਦੀ ਭਾਸ਼ਾ ਦੇ ਸਾਰ (ਜਿਵੇਂ, ਪਾਲਿਸੀ ਦਾ ਸਾਰ ਜਾਂ ਪ੍ਰੋਗਰਾਮ ਦਾ ਪਰਚਾ) ਜਨਤਾ ਲਈ, ਬਿਨਾਂ ਕਿਸੇ ਖਰਚੇ ਦੇ KFHP/H ਦੀ ਵੈੱਬਸਾਈਟ ਤੋਂ, ਈਮੇਲ ਦੁਆਰਾ, ਵਿਅਕਤੀਗਤ ਤੌਰ 'ਤੇ, ਜਾਂ US ਡਾਕ ਦੁਆਰਾ ਉਪਲਬਧ ਹਨ।

**5.3.2 MFA ਲਈ ਅਰਜ਼ੀ ਦੇਣ ਬਾਰੇ।** MFA ਪ੍ਰੋਗਰਾਮ ਲਈ ਅਰਜੀ ਦੇਣ ਲਈ, ਮਰੀਜ਼ ਨੂੰ KP ਸੇਵਾਵਾਂ ਲਈ ਬਕਾਇਆ ਬਿੱਲ, KP ਨਾਲ ਇੱਕ ਨਿਰਧਾਰਿਤ ਮੁਲਾਕਾਤ, ਜਾਂ ਉੱਪਰ ਦਰਸਾਏ ਅਨੁਸਾਰ ਯੋਗ ਸੇਵਾਵਾਂ ਲਈ KP ਪ੍ਰਦਾਤਾ ਦੁਆਰਾ ਆਰਡਰ ਕੀਤੀਆਂ ਫਾਰਮੇਸੀ ਤਜਵੀਜ਼ਾਂ ਦੇ ਕਾਰਨ ਪੈਦਾ ਹੋਈ ਤੁਰੰਤ ਲੋੜ ਨੂੰ ਦਰਸਾਉਣ ਦੀ ਲੋੜ ਹੁੰਦੀ ਹੈ। ਇੱਕ ਮਰੀਜ਼ MFA ਪ੍ਰੋਗਰਾਮ ਲਈ ਕਈ ਤਰੀਕਿਆਂ ਨਾਲ ਅਰਜ਼ੀ ਦੇ ਸਕਦਾ ਹੈ, ਜਿਸ ਵਿੱਚ ਆਨਲਾਈਨ, ਵਿਅਕਤੀਗਤ ਤੌਰ 'ਤੇ, ਟੈਲੀਫ਼ੋਨ ਰਾਹੀਂ, ਜਾਂ ਕਾਗਜ਼ੀ ਅਰਜ਼ੀ ਦੇਣਾ ਵੀ ਸ਼ਾਮਲ ਹੈ।

**5.3.2.1 KP MFA ਪ੍ਰੋਗਰਾਮ।** ਮਰੀਜ਼ਾਂ ਨੂੰ KP ਸੇਵਾ ਖੇਤਰ ਵਿੱਚ MFA ਪ੍ਰੋਗਰਾਮ ਲਈ ਅਰਜ਼ੀ ਦੇਣ ਦੀ ਲੋੜ ਹੁੰਦੀ ਹੈ ਕਿ ਉਹ KP ਤੋਂ ਸੇਵਾਵਾਂ ਲੈ ਰਹੇ ਹਨ।

**5.3.2.2 ਜਨਤਕ ਅਤੇ ਨਿੱਜੀ ਪ੍ਰੋਗਰਾਮ ਯੋਗਤਾ ਲਈ ਮਰੀਜ਼ਾਂ ਦੀ ਸਕ੍ਰੀਨਿੰਗ।** KFHP/H ਸਾਰੇ ਵਿਅਕਤੀਆਂ ਦੀ ਸਿਹਤ ਦੇਖਭਾਲ ਸੇਵਾਵਾਂ ਤੱਕ ਪਹੁੰਚ ਯਕੀਨੀ ਬਣਾਉਣ, ਸਮੁੱਚੀ ਨਿੱਜੀ ਸਿਹਤ ਲਈ, ਅਤੇ ਮਰੀਜ਼ ਦੀ ਧੰਨ-ਸੰਪਦਾ ਦੀ ਸੁਰੱਖਿਆ ਲਈ ਸਿਹਤ ਬੀਮਾ ਕਵਰੇਜ ਲੈਣ ਲਈ ਉਤਸ਼ਾਹਿਤ ਕਰਦਾ ਹੈ। KFHP/H ਬੀਮਾ ਰਹਿਤ ਮਰੀਜਾਂ ਜਾਂ ਉਹਨਾਂ ਦੇ ਗਾਰੰਟਰਾਂ ਨੂੰ Medicaid ਅਤੇ ਹੈਲਥ ਬੈਨੀਫਿਟ ਐਕਸਚੇਂਜ 'ਤੇ ਉਪਲਬਧ ਕਵਰੇਜ ਸਮੇਤ ਉਪਲਬਧ ਸਹਾਇਤਾ ਪ੍ਰੋਗਰਾਮਾਂ ਦੀ ਪਛਾਣ ਕਰਨ ਅਤੇ ਅਰਜ਼ੀ ਦੇਣ ਵਿੱਚ ਸਹਾਇਤਾ ਕਰੇਗਾ। ਜੋ ਕੋਈ ਵੀ ਮਰੀਜ਼ ਜੋ Medicaid ਲਈ ਯੋਗ ਮੰਨਿਆ ਜਾਂਦਾ ਹੈ ਜਾਂ ਹੈਲਥ ਬੈਨੀਫਿਟ

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

ਐਕਸਚੇਂਜ 'ਤੇ ਉਪਲਬਧ ਤਾਂ ਉਸਨੂੰ ਕਵਰੇਜ ਦੇ ਇਹਨਾਂ ਪ੍ਰੋਗਰਾਮਾਂ ਲਈ ਅਰਜ਼ੀ ਦੇਣ ਦੀ ਲੋੜ ਪੈ ਸਕਦੀ ਹੈ। Medicaid ਆਮਦਨੀ ਸੰਬੰਧੀ ਯੋਗਤਾ ਮਾਪਦੰਡਾਂ ਤੋਂ ਵੱਧ ਵਿੱਤੀ ਸਥਿਤੀ ਵਾਲੇ ਮਰੀਜ਼ਾਂ ਨੂੰ Medicaid ਲਈ ਅਰਜ਼ੀ ਦੇਣ ਦੀ ਲੋੜ ਨਹੀਂ ਹੋਵੇਗੀ।

5.4 **MFA ਲਈ ਅਰਜ਼ੀ ਦੇਣ ਲਈ ਲੋੜੀਂਦੀ ਜਾਣਕਾਰੀ।** MFA ਪ੍ਰੋਗਰਾਮ ਲਈ ਯੋਗਤਾ ਦੇ ਨਾਲ-ਨਾਲ ਹੈਲਥ ਬੈਨੀਫਿਟ ਐਕਸਚੇਂਜ 'ਤੇ ਉਪਲਬਧ Medicaid ਸਬਸਿਡੀ ਵਾਲੇ ਕਵਰੇਜ ਲਈ ਯੋਗਤਾ ਨਿਰਧਾਰਿਤ ਕਰਨ ਲਈ ਮਰੀਜ਼ ਦੀ ਵਿੱਤੀ ਸਥਿਤੀ ਦੀ ਪੁਸ਼ਟੀ ਕਰਨ ਲਈ ਮੁਕੰਮਲ ਨਿੱਜੀ, ਵਿੱਤੀ ਅਤੇ ਹੋਰ ਜਾਣਕਾਰੀ ਦੀ ਲੋੜ ਹੁੰਦੀ ਹੈ। ਹਰ ਵਾਰ ਜਦੋਂ ਮਰੀਜ਼ ਸਹਾਇਤਾ ਲਈ ਅਰਜ਼ੀ ਦਿੰਦਾ ਹੈ ਤਾਂ ਮਰੀਜ਼ ਦੀ ਵਿੱਤੀ ਸਥਿਤੀ ਦੀ ਪੁਸ਼ਟੀ ਕੀਤੀ ਜਾਂਦੀ ਹੈ।

5.4.1 **ਵਿੱਤੀ ਜਾਣਕਾਰੀ ਪ੍ਰਦਾਨ ਕਰਨਾ।** ਮਰੀਜ਼ਾਂ ਨੂੰ ਉਹਨਾਂ ਦੀ MFA ਅਰਜ਼ੀ ਦੇ ਨਾਲ ਘਰੇਲ ਆਬਾਦੀ ਦਾ ਆਕਾਰ ਅਤੇ ਘਰੇਲੂ ਆਮਦਨੀ ਦੀ ਜਾਣਕਾਰੀ ਸ਼ਾਮਲ ਕਰਨ ਦੀ ਲੋੜ ਹੁੰਦੀ ਹੈ, ਹਾਲਾਂਕਿ, ਵਿੱਤੀ ਸਥਿਤੀ ਦੀ ਪੁਸ਼ਟੀ ਕਰਨ ਲਈ ਵਿੱਤੀ ਦਸਤਾਵੇਜ਼ ਜਮ੍ਹਾ ਕਰਨਾ ਵਿਕਲਪਿਕ ਹੁੰਦਾ ਹੈ ਜਦੋਂ ਤੱਕ KP ਦੁਆਰਾ ਵਿਸ਼ੇਸ਼ ਤੌਰ 'ਤੇ ਬੇਨਤੀ ਨਹੀਂ ਕੀਤੀ ਜਾਂਦੀ।

5.4.1.1 **ਵਿੱਤੀ ਦਸਤਾਵੇਜ਼ਾਂ ਤੋਂ ਬਿਨਾਂ ਵਿੱਤੀ ਸਥਿਤੀ ਦੀ ਪੁਸ਼ਟੀ ਕਰਨਾ।** ਜੇ ਵਿੱਤੀ ਦਸਤਾਵੇਜ਼ MFA ਅਰਜੀ ਵਿੱਚ ਸ਼ਾਮਲ ਨਹੀਂ ਕੀਤੇ ਜਾਂਦੇ ਹਨ, ਤਾਂ ਬਾਹਰੀ ਡੇਟਾ ਸਰੋਤਾਂ ਦੀ ਵਰਤੋਂ ਕਰਕੇ ਮਰੀਜ਼ ਦੀ ਵਿੱਤੀ ਸਥਿਤੀ ਦੀ ਪੁਸ਼ਟੀ ਕੀਤੀ ਜਾਵੇਗੀ। ਜੇ ਕਿਸੇ ਮਰੀਜ਼ ਦੀ ਵਿੱਤੀ ਸਥਿਤੀ ਦੀ ਬਾਹਰੀ ਡੇਟਾ ਸਰੋਤਾਂ ਦੀ ਵਰਤੋਂ ਕਰਕੇ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਹੈ, ਤਾਂ ਮਰੀਜ਼ ਨੂੰ ਆਪਣੀ ਵਿੱਤੀ ਸਥਿਤੀ ਦੀ ਪੁਸ਼ਟੀ ਕਰਨ ਲਈ MFA ਪ੍ਰੋਗਰਾਮ ਦੀ ਅਰਜੀ ਵਿੱਚ ਵਰਣਿਤ ਵਿੱਤੀ ਦਸਤਾਵੇਜ਼ ਜਮ੍ਹਾਂ ਕਰਨ ਲਈ ਕਿਹਾ ਜਾ ਸਕਦਾ ਹੈ।

5.4.1.2 **ਵਿੱਤੀ ਦਸਤਾਵੇਜ਼ਾਂ ਨਾਲ ਵਿੱਤੀ ਸਥਿਤੀ ਦੀ ਪੁਸ਼ਟੀ ਕਰਨਾ।** ਜੇ ਵਿੱਤੀ ਦਸਤਾਵੇਜ਼ MFA ਅਰਜੀ ਦੇ ਨਾਲ ਸ਼ਾਮਲ ਕੀਤੇ ਜਾਂਦੇ ਹਨ, ਤਾਂ ਯੋਗਤਾ ਦਾ ਆਧਾਰ ਪ੍ਰਦਾਨ ਕੀਤੀ ਗਈ ਜਾਣਕਾਰੀ ਹੋਵੇਗੀ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**5.4.2 ਪੂਰੀ ਜਾਣਕਾਰੀ ਪ੍ਰਦਾਨ ਕਰਨਾ।** MFA ਪ੍ਰੋਗਰਾਮ ਦੀ ਯੋਗਤਾ ਸਾਰੀ ਬੇਨਤੀ ਕੀਤੀ ਗਈ ਨਿੱਜੀ, ਵਿੱਤੀ ਅਤੇ ਹੋਰ ਜਾਣਕਾਰੀ ਪ੍ਰਾਪਤ ਹੋਣ ’ਤੇ ਨਿਰਧਾਰਤ ਕੀਤੀ ਜਾਂਦੀ ਹੈ।

**5.4.3 ਅਧੂਰੀ ਜਾਣਕਾਰੀ।** ਜੇ ਲੋੜੀਂਦੀ ਜਾਣਕਾਰੀ ਅਧੂਰੀ ਹੋਵੇ ਤਾਂ ਇੱਕ ਮਰੀਜ਼ ਨੂੰ ਵਿਅਕਤੀਗਤ ਤੌਰ 'ਤੇ, ਡਾਕ ਦੁਆਰਾ, ਜਾਂ ਟੈਲੀਫੋਨ ਦੁਆਰਾ ਸੂਚਿਤ ਕੀਤਾ ਜਾਂਦਾ ਹੈ। ਮਰੀਜ਼ ਦੀ ਗੁੰਮ ਹੋਈ ਜਾਣਕਾਰੀ ਨੂੰ ਇਹਨਾਂ ਵਿੱਚੋਂ ਕੋਈ ਵੀ ਪ੍ਰਕਿਰਿਆ ਦੇ ਪੂਰਾ ਹੋਣ ਤੋਂ 30 ਦਿਨਾਂ ਦੇ ਅੰਦਰ ਜਮ੍ਹਾਂ ਕਰ ਸਕਦਾ ਹੈ: ਨੋਟਿਸ ਭੇਜਣ ਦੀ ਮਿਤੀ ਤੋਂ, ਵਿਅਕਤੀਗਤ ਗੱਲਬਾਤ ਹੋਣ ਤੋਂ, ਜਾਂ ਟੈਲੀਫੋਨ ’ਤੇ ਗੱਲਬਾਤ ਹੋਣ ਤੋਂ ਬਾਅਦ। ਅਧੂਰੀ ਜਾਣਕਾਰੀ ਦੇ ਕਾਰਨ MFA ਨੂੰ ਅਸਵੀਕਾਰ ਕੀਤਾ ਜਾ ਸਕਦਾ ਹੈ।

**5.4.4 ਬੇਨਤੀ ਕੀਤੀ ਜਾਣਕਾਰੀ ਉਪਲਬਧ ਨਹੀਂ ਹੈ।** ਇੱਕ ਮਰੀਜ਼ ਜਿਸ ਕੋਲ ਪ੍ਰੋਗਰਾਮ ਦੀ ਅਰਜੀ ਵਿੱਚ ਦਰਸਾਈ ਗਈ ਜਾਣਕਾਰੀ ਨਹੀਂ ਹੈ, ਉਹ ਯੋਗਤਾ ਸਾਬਤ ਕਰਨ ਲਈ ਹੋਰ ਉਪਲਬਧ ਦਸਤਾਵੇਜ਼ਾਂ 'ਤੇ ਚਰਚਾ ਕਰਨ ਲਈ KFHP/H ਨਾਲ ਸੰਪਰਕ ਕਰ ਸਕਦਾ ਹੈ।

**5.4.5 ਕੋਈ ਵਿੱਤੀ ਜਾਣਕਾਰੀ ਉਪਲਬਧ ਨਹੀਂ ਹੈ।** ਇੱਕ ਮਰੀਜ਼ ਨੂੰ ਘੱਟੋ-ਘੱਟ ਮੁੱਢਲੀ ਵਿੱਤੀ ਜਾਣਕਾਰੀ (ਜਿਵੇਂ ਕਿ ਆਮਦਨ, ਜੇ ਕੋਈ ਹੈ, ਅਤੇ ਸਰੋਤ) ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ ਅਤੇ ਇਸ ਦੀ ਵੈਧਤਾ ਦੀ ਤਸਦੀਕ ਕਰਵਾਉਣ ਹੁੰਦੀ ਹੈ ਜਦੋਂ: (1) ਉਹਨਾਂ ਦੀ ਵਿੱਤੀ ਸਥਿਤੀ ਦੀ ਬਾਹਰੀ ਡੇਟਾ ਸਰੋਤਾਂ ਦੀ ਵਰਤੋਂ ਕਰਕੇ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਹੋਵੇ; (2) ਬੇਨਤੀ ਕੀਤੀ ਵਿੱਤੀ ਜਾਣਕਾਰੀ ਉਪਲਬਧ ਨਾ ਹੋਵੇ; ਅਤੇ (3) ਕੋਈ ਹੋਰ ਦਸਤਾਵੇਜ਼ ਮੌਜੂਦ ਨਾ ਹੋਵੇ ਜੋ ਯੋਗਤਾ ਸਾਬਤ ਕਰ ਸਕਦਾ ਹੋਵੇ। ਮਰੀਜ਼ ਤੋਂ ਮੁੱਢਲੀ ਵਿੱਤੀ ਜਾਣਕਾਰੀ ਅਤੇ ਤਸਦੀਕ ਦੀ ਲੋੜ ਹੁੰਦੀ ਹੈ ਜੇ ਹੇਠ ਲਿਖਿਆਂ ਵਿੱਚੋਂ ਕੋਈ ਵੀ ਲਾਗੂ ਹੁੰਦਾ ਹੋਵੇ:

**5.4.5.1** ਮਰੀਜ਼ ਬੇਘਰ ਹੈ ਜਾਂ ਹੋਮਲੈੱਸ ਕਲੀਨਿਕ ਤੋਂ ਦੇਖਭਾਲ ਪ੍ਰਾਪਤ ਕਰਦਾ ਹੈ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**5.4.5.2** ਮਰੀਜ਼ ਦੀ ਕੋਈ ਆਮਦਨ ਨਹੀਂ ਹੈ, ਉਸ ਨੂੰ ਆਪਣੇ ਰੁਜ਼ਗਾਰਦਾਤਾ ਤੋਂ ਰਸਮੀ ਤਨਖਾਹ ਦਾ ਸਟੱਬ ਨਹੀਂ ਮਿਲਦਾ (ਉਹਨਾਂ ਤੋਂ ਬਗੈਰ ਜੋ ਸਵੈ-ਰੁਜ਼ਗਾਰ ਹਨ), ਮੁਦਰਾ ਤੋਹਫ਼ੇ ਨਹੀਂ ਮਿਲਦੇ, ਜਾਂ ਪਿਛਲੇ ਟੈਕਸ ਸਾਲ ਵਿੱਚ ਸੰਘੀ ਜਾਂ ਰਾਜ ਆਮਦਨ ਕਰ ਰਿਟਰਨ ਫਾਈਲ ਕਰਨ ਦੀ ਲੋੜ ਨਹੀਂ ਪਈ ਸੀ।

**5.4.5.3** ਮਰੀਜ਼ ਕਿਸੇ ਜਾਣੀ-ਪਛਾਣੀ ਰਾਸ਼ਟਰੀ ਜਾਂ ਖੇਤਰੀ ਆਫ਼ਤ ਜਾਂ ਜਨਤਕ ਸਿਹਤ ਐਮਰਜੈਂਸੀ ਦੁਆਰਾ ਪ੍ਰਭਾਵਿਤ ਹੋਇਆ ਹੈ (ਹੇਠਾਂ ਸੈਕਸ਼ਨ 5.11 ਵੇਖੋ)।

**5.4.6 ਮਰੀਜ਼ ਦਾ ਸਹਿਯੋਗ।** ਇੱਕ ਮਰੀਜ਼ ਨੂੰ ਸਾਰੀ ਬੇਨਤੀ ਕੀਤੀ ਜਾਣਕਾਰੀ ਪ੍ਰਦਾਨ ਕਰਨ ਲਈ ਇੱਕ ਢੁਕਵਾਂ ਯਤਨ ਕਰਨ ਦੀ ਲੋੜ ਹੁੰਦੀ ਹੈ। ਜੇ ਸਾਰੀ ਬੇਨਤੀ ਕੀਤੀ ਜਾਣਕਾਰੀ ਪ੍ਰਦਾਨ ਨਹੀਂ ਕੀਤੀ ਜਾਂਦੀ, ਤਾਂ ਯੋਗਤਾ ਨਿਰਧਾਰਿਤ ਕਰਦੇ ਸਮੇਂ ਸਥਿਤੀਆਂ 'ਤੇ ਵਿਚਾਰ ਕੀਤਾ ਜਾ ਸਕਦਾ ਹੈ।

**5.5 ਅਨੁਮਾਨਿਤ ਯੋਗਤਾ ਨਿਰਧਾਰਨ।** ਵਿੱਤੀ ਸਹਾਇਤਾ ਉਹਨਾਂ ਸਥਿਤੀਆਂ ਵਿੱਚ ਪੂਰੀ ਕੀਤੀ ਅਰਜ਼ੀ ਦੀ ਗੈਰ-ਮੌਜੂਦਗੀ ਵਿੱਚ ਮਨਜ਼ੂਰ ਕੀਤੀ ਜਾ ਸਕਦੀ ਹੈ ਜਿੱਥੇ ਮਰੀਜ਼ ਦਾ ਬਕਾਇਆ ਬਾਕੀ ਹੋਵੇ, KP ਪਹੁੰਚ ਕੋਸ਼ਿਸ਼ਾਂ ਦਾ ਜਵਾਬ ਨਾ ਦਿੱਤਾ ਹੋਵੇ ਅਤੇ ਅਰਜ਼ੀ ਵੀ ਨਾ ਦਿੱਤੀ ਹੋਵੇ ਪਰ ਹੋਰ ਉਪਲਬਧ ਜਾਣਕਾਰੀ ਵਿੱਤੀ ਮੁਸ਼ਕਲਾਂ ਨੂੰ ਦਰਸਾਉਂਦੀ ਹੋਵੇ। ਜੇ ਯੋਗ ਹੋਣਾ ਨਿਰਧਾਰਿਤ ਹੋ ਜਾਂਦਾ ਹੈ, ਤਾਂ ਮਰੀਜ਼ ਨੂੰ ਵਿੱਤੀ ਸਥਿਤੀ ਦੀ ਪੁਸ਼ਟੀ ਕਰਨ ਲਈ ਨਿੱਜੀ, ਵਿੱਤੀ, ਜਾਂ ਹੋਰ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਨਹੀਂ ਹੁੰਦੀ ਹੈ ਅਤੇ ਉਸਨੂੰ ਸਵੈਚਲਿਤ ਤੌਰ 'ਤੇ MFA ਅਵਾਰਡ ਪ੍ਰਦਾਨ ਕੀਤਾ ਜਾਵੇਗਾ। ਸੰਭਾਵਿਤ ਯੋਗਤਾ ਨਿਰਧਾਰਨ ਲਈ ਕਾਰਨ ਅਤੇ ਸਹਾਇਕ ਜਾਣਕਾਰੀ ਮਰੀਜ਼ ਦੇ ਖਾਤੇ ਵਿੱਚ ਦਰਜ ਕੀਤੀ ਜਾਵੇਗੀ ਅਤੇ ਵਾਧੂ ਮਰੀਜ਼ ਨੋਟਸ ਸ਼ਾਮਲ ਕੀਤੇ ਜਾ ਸਕਦੇ ਹਨ। ਕਿਸੇ ਮਰੀਜ਼ ਨੂੰ ਤਾਂ ਹੀ ਯੋਗ ਮੰਨਿਆ ਜਾਂਦਾ ਹੈ ਅਤੇ ਦਸਤਾਵੇਜ਼ ਲੋੜਾਂ ਨੂੰ ਮੁਆਫ ਕੀਤਾ ਜਾਂਦਾ ਹੈ ਜੇ ਮਰੀਜ਼ ਪਹਿਲਾਂ ਤੋਂ ਯੋਗ ਹੈ ਜਾਂ ਵਿੱਤੀ ਤੌਰ 'ਤੇ ਤੰਗ ਹੋਣ ਦੇ ਸੰਕੇਤ ਮਿਲਦੇ ਹਨ।

**5.5.1 ਪੂਰਵ-ਯੋਗ।** ਅਜਿਹੀਆਂ ਸਥਿਤੀਆਂ ਜਿੱਥੇ ਇਸ ਗੱਲ ਦਾ ਸਬੂਤ ਹੋਵੇ ਕਿ ਕੋਈ ਮਰੀਜ਼ ਹੇਠਾਂ ਨੋਟ ਕੀਤੇ ਜਨਤਕ ਅਤੇ ਨਿੱਜੀ ਸਹਾਇਤਾ ਪ੍ਰੋਗਰਾਮਾਂ ਲਈ ਸੰਭਾਵੀ

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

ਤੌਰ 'ਤੇ ਯੋਗ ਹੋਣ ਲਈ ਵਿੱਤੀ ਸਕ੍ਰੀਨਿੰਗ ਪ੍ਰਕਿਰਿਆ ਵਿੱਚ ਨਾਮਾਂਕਿਤ ਹੈ ਜਾਂ ਨਿਰਧਾਰਿਤ ਕੀਤਾ ਗਿਆ ਹੈ, MFA ਪ੍ਰੋਗਰਾਮ ਲਈ ਯੋਗ (ਜਿਵੇਂ, ਪੂਰਵ-ਯੋਗ) ਮੰਨਿਆ ਜਾਂਦਾ ਹੈ। ਮਰੀਜ਼ ਨੂੰ ਪੂਰਵ-ਯੋਗ ਤਾਂ ਹੀ ਮੰਨਿਆ ਜਾਂਦਾ ਹੈ ਜੇ ਮਰੀਜ਼ ਹੇਠਾਂ ਦਿੱਤੇ ਕਿਸੇ ਵੀ ਮਾਪਦੰਡ ਨੂੰ ਪੂਰਾ ਕਰਦਾ ਹੈ:

**5.5.1.1** ਕਿਸੇ ਅਜਿਹੇ ਭਾਈਚਾਰਕ MFA (CMFA) ਪ੍ਰੋਗਰਾਮ ਲਈ ਨਾਮਾਂਕਿਤ ਹੋਵੇ ਜਿਸ ਵਿੱਚ ਮਰੀਜ਼ਾਂ ਨੂੰ ਰੈਫਰ ਕੀਤਾ ਗਿਆ ਹੋਵੇ ਅਤੇ ਹੇਠਾਂ ਦਿੱਤੇ ਅਨੁਸਾਰ ਪੂਰਵ-ਯੋਗ ਹੋਣ: (1) ਸੰਘੀ, ਰਾਜ, ਜਾਂ ਸਥਾਨਕ ਸਰਕਾਰ, (2) ਭਾਈਵਾਲ ਭਾਈਚਾਰਾ-ਆਧਾਰਿਤ ਸੰਸਥਾ, ਜਾਂ (3) KFHP/H ਦੁਆਰਾ ਸਪਾਂਸਰ ਕੀਤੇ ਭਾਈਚਾਰਕ ਸਿਹਤ ਸਮਾਗਮ ਵਿੱਚ।

**5.5.1.2** ਇੱਕ KP ਭਾਈਚਾਰਕ ਲਾਭ ਪ੍ਰੋਗਰਾਮ ਲਈ ਨਾਮਾਂਕਿਤ ਹੋਵੇ ਜੋ ਘੱਟ ਆਮਦਨੀ ਵਾਲੇ ਮਰੀਜ਼ਾਂ ਦੀ ਦੇਖਭਾਲ ਤੱਕ ਪਹੁੰਚ ਵਿੱਚ ਸਹਾਇਤਾ ਕਰਨ ਲਈ ਤਿਆਰ ਕੀਤਾ ਗਿਆ ਹੁੰਦਾ ਹੈ ਅਤੇ ਨਿਯੁਕਤ ਕੀਤੇ KFHP/H ਕਰਮਚਾਰੀਆਂ ਦੁਆਰਾ ਪੂਰਵ-ਯੋਗ ਹੋਵੇ।

**5.5.1.3** ਇੱਕ ਭਰੋਸੇਯੋਗ ਟੈਸਟ ਕੀਤੇ ਸਾਧਨਾਂ ਵਾਲੇ ਸਿਹਤ ਕਵਰੇਜ ਪ੍ਰੋਗਰਾਮ (ਉਦਾਹਰਨ ਲਈ, Medicaid, Medicare ਘੱਟ ਆਮਦਨੀ ਲਈ ਸਬਸਿਡੀ ਪ੍ਰੋਗਰਾਮ, ਹੈਲਥ ਬੈਨੀਫਿਟ ਐਕਸਚੇਂਜ 'ਤੇ ਉਪਲਬਧ ਸਬਸਿਡੀ ਵਾਲੀ ਕਵਰੇਜ) ਲਈ ਨਾਮਾਂਕਿਤ ਹੋਵੇ ਜਾਂ ਉਸ ਦੇ ਯੋਗ ਮੰਨਿਆ ਜਾਂਦਾ ਹੋਵੇ।

**5.5.1.4** ਇੱਕ ਭਰੋਸੇਯੋਗ ਟੈਸਟ ਕੀਤੇ ਸਾਧਨਾਂ ਵਾਲੇ ਜਨਤਕ ਸਹਾਇਤਾ ਪ੍ਰੋਗਰਾਮ (ਉਦਾਹਰਨ ਲਈ, ਔਰਤਾਂ, ਨਵਜਾਤਾਂ ਅਤੇ ਬੱਚਿਆਂ ਦੇ ਪ੍ਰੋਗਰਾਮ, ਪੂਰਕ ਪੋਸ਼ਣ ਅਤੇ ਸਹਾਇਤਾ ਪ੍ਰੋਗਰਾਮ, ਘੱਟ ਆਮਦਨੀ ਵਾਲਿਆ ਲਈ ਘਰੇਲੂ ਊਰਜਾ ਸਹਾਇਤਾ ਪ੍ਰੋਗਰਾਮ, ਮੁਫ਼ਤ ਜਾਂ ਘੱਟ ਲਾਗਤ ਵਾਲੇ ਦੁਪਹਿਰ ਦੇ ਖਾਣੇ ਦੇ ਪ੍ਰੋਗਰਾਮ) ਲਈ ਨਾਮਾਂਕਿਤ ਹੋਵੇ।

**5.5.1.5** ਘੱਟ ਆਮਦਨ ਵਾਲੇ ਜਾਂ ਸਬਸਿਡੀ ਵਾਲੇ ਘਰ ਵਿੱਚ ਰਹਿੰਦਾ ਹਵੇ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**5.5.1.6** ਪਹਿਲਾਂ ਤੋਂ ਇੱਕ MFA ਅਵਾਰਡ ਪ੍ਰਦਾਨ ਕੀਤਾ ਗਿਆ ਹੋਵੇ ਜੋ ਪਿਛਲੇ 30 ਦਿਨਾਂ ਵਿੱਚ ਸ਼ੁਰੂ ਕੀਤਾ ਗਿਆ ਸੀ।

**5.5.2 ਵਿੱਤੀ ਤੰਗੀ ਦੇ ਸੰਕੇਤ।** ਕੋਈ ਮਰੀਜ਼ ਜਿਸ ਨੇ KP ਸਹੂਲਤ ਵਿੱਚ ਦੇਖਭਾਲ ਪ੍ਰਾਪਤ ਕੀਤੀ ਹੋਵੇ ਅਤੇ ਜੋ ਵਿੱਤੀ ਤੰਗੀ ਦੇ ਸੰਕੇਤਾ ਵਾਲਾ ਹੈ (ਉਦਾਹਰਨ ਲਈ, ਜਿਸਦਾ ਪਿਛਲਾ ਬਕਾਇਆ ਬਾਕੀ ਹੈ ਜਾਂ ਭੁਗਤਾਨ ਕਰਨ ਵਿੱਚ ਅਸਮਰੱਥ ਹੈ) ਜਿਸਦੀ KP ਦੁਆਰਾ ਬਾਹਰੀ ਡੇਟਾ ਸਰੋਤਾਂ ਦੀ ਵਰਤੋਂ ਕਰਕੇ ਪ੍ਰੋਗਰਾਮ ਯੋਗਤਾ ਅਤੇ ਵਿੱਤੀ ਤੰਗੀ ਸੰਬੰਧੀ ਜਾਂਚ ਕੀਤੀ ਜਾ ਸਕਦੀ ਹੋਵੇ। ਜੇ ਯੋਗ ਹੈ, ਤਾਂ ਮਰੀਜ਼ ਨੂੰ ਸਿਰਫ਼ ਯੋਗ ਬਾਕੀ ਬਕਾਏ ਲਈ ਇੱਕ MFA ਅਵਾਰਡ ਪ੍ਰਾਪਤ ਹੋਵੇਗਾ।

**5.5.2.1 KP ਦੁਆਰਾ ਯੋਗਤਾ ਨਿਰਧਾਰਨ।** KP ਮਰੀਜ਼ਾਂ ਦੇ ਬਾਕੀ ਬਕਾਏ ਦੀ ਕਰਜ਼ੇ ਦੀ ਵਸੂਲੀ ਲਈ ਕਿਸੇ ਏਜੰਸੀ ਨੂੰ ਦੇਣ ਤੋਂ ਪਹਿਲਾਂ ਪ੍ਰੋਗਰਾਮ ਯੋਗਤਾ ਦੀ ਜਾਂਚ ਕਰ ਸਕਦਾ ਹੈ।

**5.5.2.1.1 ਸਵੈ-ਭੁਗਤਾਨ ਦਾ ਬਾਕੀ ਬਕਾਇਆ।** KP ਉਹਨਾਂ ਮਰੀਜ਼ਾਂ ਦੀ ਜਾਂਚ ਕਰੇਗਾ ਜੋ ਟੈਸਟ ਕੀਤੇ ਸਾਧਨਾਂ ਦੇ ਮਾਪਦੰਡਾਂ ਦੇ ਆਧਾਰ 'ਤੇ ਪ੍ਰੋਗਰਾਮ ਯੋਗਤਾ ਲਈ ਕਰਜ਼ੇ ਦੀ ਵਸੂਲੀ ਕਰਨ ਵਾਲੀ ਏਜੰਸੀ ਨੂੰ ਸੌਂਪਣ ਲਈ ਪਛਾਣੇ ਗਏ ਹਨ। ਹੇਠਾਂ ਸੈਕਸ਼ਨ 5.6.1 ਦੇਖੋ।

**5.5.2.1.2 ਵਿੱਤੀ ਤੰਗੀ ਦੇ ਸੰਕੇਤ।** ਬਾਕੀ ਬਕਾਏ ਵਾਲੇ ਕੁਝ ਮਰੀਜ਼ਾਂ ਲਈ ਵਿੱਤੀ ਜਾਣਕਾਰੀ ਯੋਗਤਾ ਨਿਰਧਾਰਿਤ ਕਰਨ ਲਈ ਉਪਲਬਧ ਨਹੀਂ ਵੀ ਹੋ ਸਕਦੀ ਹੈ, ਪਰ KP ਦੁਆਰਾ ਜਾਣੀ ਗਈ ਵਿੱਤੀ ਤੰਗੀ ਦੇ ਹੋਰ ਸੰਕੇਤ ਘੱਟ ਆਮਦਨੀ ਦਾ ਨਿਰਧਾਰਨ ਕਰਨ ਦਾ ਕਾਰਨ ਬਣ ਸਕਦੇ ਹਨ। ਯੋਗ ਬਾਕੀ ਬਕਾਏ MFA ਪ੍ਰੋਗਰਾਮ 'ਤੇ ਲਾਗੂ ਕੀਤੇ ਜਾਣਗੇ ਅਤੇ ਹੋਰ ਵਸੂਲੀ ਦੀਆਂ ਕਾਰਵਾਈਆਂ ਦੇ ਅਧੀਨ ਨਹੀਂ ਹੋਣਗੇ। ਵਿੱਤੀ

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

ਤੰਗੀ ਦੇ ਸੰਕੇਤਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ, ਪਰ ਇਹਨਾਂ ਤੱਕ ਸੀਮਿਤ ਨਹੀਂ ਹਨ:

**5.5.2.1.2.1** ਜੋ ਮਰੀਜ਼ ਸਪਾਂਸਰਸ਼ਿਪ, ਸਮਾਜਿਕ ਸੁਰੱਖਿਆ ਨੰਬਰ, ਟੈਕਸ ਰਿਕਾਰਡ, ਜਾਂ ਵੈਧ ਬਿਲਿੰਗ ਪਤੇ ਤੋਂ ਬਿਨਾਂ ਗੈਰ-ਅਮਰੀਕੀ ਨਾਗਰਿਕ ਹੈ; ਜਿਸਨੇ KP ਨਾਲ ਉਹਨਾਂ ਦੇ ਖਾਤੇ ਬਾਰੇ ਸੰਚਾਰ ਨਹੀਂ ਕੀਤਾ ਹੈ; ਅਤੇ ਵਸੂਲੀ ਕਰਨ ਢੁਕਵੇਂ ਯਤਨ ਇਹ ਦਰਸਾਉਂਦੇ ਹਨ ਕਿ ਮਰੀਜ਼ ਕੋਲ ਆਪਣੇ ਮੂਲ ਦੇਸ਼ ਵਿੱਚ ਵਿੱਤੀ ਜਾਂ ਸੰਪੱਤੀ ਦੇ ਸਰੋਤ ਨਹੀਂ ਹਨ।

**5.5.2.1.2.2** ਮਰੀਜ਼ ਦਾ ਪਹਿਲਾਂ ਤੋਂ ਪ੍ਰਦਾਨ ਕੀਤੀਆਂ KP ਸੇਵਾਵਾਂ ਲਈ ਬਕਾਇਆ ਬਾਕੀ ਹੈ ਅਤੇ ਉਸ ਤੋਂ ਬਾਅਦ ਲੰਬੇ ਸਮੇਂ ਲਈ ਜੇਲ੍ਹ ਵਿੱਚ ਬੰਦ ਰਿਹਾ ਹੈ; ਵਿਵਾਹਿਤ ਨਹੀਂ ਹੈ; ਆਮਦਨ ਦੇ ਕੋਈ ਸੰਕੇਤ ਨਹੀਂ ਹਨ; ਅਤੇ KP ਮਰੀਜ਼ ਨਾਲ ਸੰਪਰਕ ਕਰਨ ਵਿੱਚ ਅਸਮਰੱਥ ਹੈ।

**5.5.2.1.2.3** ਮਰ ਚੁੱਕੇ ਮਰੀਜ਼ ਦੀ ਕੋਈ ਜਾਇਦਾਦ/ਸੰਪੱਤੀ ਨਹੀਂ ਹੈ ਅਤੇ ਨਾ ਹੀਂ ਕਰਜ਼ੇ ਲਈ ਜ਼ਿੰਮੇਵਾਰ ਕਿਸੇ ਰਿਸ਼ਤੇਦਾਰ ਦਾ ਰਿਕਾਰਡ ਹੈ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**5.5.2.1.2.4** ਮਰੀਜ਼ ਦੀ ਮੌਤ ਹੋ ਗਈ ਹੈ, ਅਤੇ ਵਸੀਅਤ ਜਾਂ ਜਾਇਦਾਦ ਦੀਵਾਲੀਆਪਨ ਦਰਸਾਉਂਦੀ ਹੈ।

**5.6 ਪ੍ਰੋਗਰਾਮ ਯੋਗਤਾ ਸੰਬੰਧੀ ਮਾਪਦੰਡ।** ਜਿਵੇਂ ਕਿ ਖੇਤਰ-ਵਿਸ਼ੇਸ਼ ਅਨੁਲੱਗ ਦੇ ਸੈਕਸ਼ਨ V ਵਿੱਚ ਸਾਰ ਦਿੱਤਾ ਗਿਆ ਹੈ, MFA ਲਈ ਅਰਜ਼ੀ ਦੇਣ ਵਾਲਾ ਮਰੀਜ਼ ਟੈਸਟ ਕੀਤੇ ਸਾਧਨਾਂ, ਜਾਂ ਉੱਚ ਮੈਡੀਕਲ ਖਰਚੇ ਦੇ ਮਾਪਦੰਡ ਦੇ ਆਧਾਰ 'ਤੇ ਵਿੱਤੀ ਸਹਾਇਤਾ ਲਈ ਯੋਗ ਹੋ ਸਕਦਾ ਹੈ। *Kaiser Permanente Regions, ਅਟੈਚਮੈਂਟਾਂ 1-8 ਲਈ ਅਨੁਲੱਗਾਂ ਨੂੰ ਦੇਖੋ।*

**5.6.1 ਸਾਧਨ ਟੈਸਟ ਕਰਨ ਦਾ ਮਾਪਦੰਡ।** ਮਰੀਜ਼ ਦਾ ਮੁਲਾਂਕਣ ਇਹ ਨਿਰਧਾਰਿਤ ਕਰਨ ਲਈ ਕੀਤਾ ਜਾਂਦਾ ਹੈ ਕਿ ਕੀ ਮਰੀਜ਼ ਸਾਧਨ ਟੈਸਟ ਕਰਨ ਦੀ ਯੋਗਤਾ ਸੰਬੰਧੀ ਮਾਪਦੰਡਾਂ ਨੂੰ ਪੂਰਾ ਕਰਦਾ ਹੈ।

**5.6.1.1 ਆਮਦਨ ਦੇ ਪੱਧਰ 'ਤੇ ਆਧਾਰਿਤ ਯੋਗਤਾ।** ਸੰਘੀ ਗਰੀਬੀ ਦੀਆਂ ਹਿਦਾਇਤਾਂ (FPG) ਦੀ ਪ੍ਰਤੀਸ਼ਤਤਾ ਵਜੋਂ KFHP/H ਦੇ ਸਾਧਨ ਟੈਸਟ ਕਰਨ ਦੇ ਮਾਪਦੰਡ ਤੋਂ ਘੱਟ ਜਾਂ ਬਰਾਬਰ ਦੀ ਕੁੱਲ ਘਰੇਲੂ ਆਮਦਨ ਵਾਲਾ ਮਰੀਜ਼ ਵਿੱਤੀ ਸਹਾਇਤਾ ਲਈ ਯੋਗ ਹੁੰਦਾ ਹੈ। ਸੰਪਤੀਆਂ ਨੂੰ ਟੈਸਟ ਕੀਤੇ ਸਾਧਨਾਂ ਵਜੋਂ ਨਹੀਂ ਮੰਨਿਆ ਜਾਂਦਾ ਹੈ।

**5.6.1.2 ਘਰੇਲੂ ਆਮਦਨ।** ਆਮਦਨੀ ਦੀਆਂ ਲੋੜਾਂ ਘਰ ਦੇ ਮੈਂਬਰਾਂ 'ਤੇ ਲਾਗੂ ਹੁੰਦੀਆਂ ਹਨ। ਇੱਕ ਪਰਿਵਾਰ ਦਾ ਅਰਥ ਹੈ ਇੱਕ ਇਕਹਿਰਾ ਵਿਅਕਤੀ ਜਾਂ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਦਾ ਸਮੂਹ ਜੋ ਜਨਮ, ਵਿਆਹ, ਜਾਂ ਗੋਦ ਲੈਣ ਕਾਰਨ ਸੰਬੰਧ ਰੱਖਦੇ ਹਨ ਅਤੇ ਜੋ ਇਕੱਠੇ ਰਹਿੰਦੇ ਹਨ। ਪਰਿਵਾਰਕ ਮੈਂਬਰਾਂ ਵਿੱਚ ਪਤੀ-ਪਤਨੀ, ਯੋਗ ਘਰੇਲੂ ਸਾਥੀ, ਬੱਚੇ, ਦੇਖਭਾਲ ਕਰਨ ਵਾਲੇ ਰਿਸ਼ਤੇਦਾਰ, ਦੇਖਭਾਲ ਕਰਨ ਵਾਲੇ ਰਿਸ਼ਤੇਦਾਰਾਂ ਦੇ ਬੱਚੇ, ਅਤੇ ਹੋਰ ਵਿਅਕਤੀ ਵੀ ਸ਼ਾਮਲ ਹੋ ਸਕਦੇ ਹਨ ਜਿਨ੍ਹਾਂ ਲਈ ਇੱਕਲਾ ਵਿਅਕਤੀ, ਜੀਵਨ ਸਾਥੀ, ਘਰੇਲੂ ਸਾਥੀ, ਜਾਂ ਮਾਤਾ-ਪਿਤਾ ਵਿੱਤੀ ਤੌਰ 'ਤੇ ਜ਼ਿੰਮੇਵਾਰ ਹਨ ਜੋ ਘਰ ਵਿੱਚ ਰਹਿੰਦੇ ਹਨ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

| ਪਾਲਿਸੀ ਸਿਰਲੇਖ<br>**ਮੈਡੀਕਲ ਵਿੱਤੀ ਸਹਾਇਤਾ** | ਪਾਲਿਸੀ ਨੰਬਰ<br>**NATL.CB.307** |
|---|---|
| ਜਵਾਬਦੇਹ ਵਿਭਾਗ<br>**ਕੌਮਾਂਤਰੀ ਭਾਈਚਾਰਕ ਸਿਹਤ** | ਲਾਗੂ ਹੋਣ ਦੀ ਮਿਤੀ:<br>**ਜਨਵਰੀ 1, 2024** |
| ਦਸਤਾਵੇਜ਼ ਮਾਲਕ<br>**ਨਿਰਦੇਸ਼ਕ, ਮੈਡੀਕਲ ਵਿੱਤੀ ਸਹਾਇਤਾ** | ਪੰਨਾ<br>**18 ਕੁੱਲ 40** |

**5.6.2 ਉੱਚ ਮੈਡੀਕਲ ਖਰਚੇ ਦੇ ਮਾਪਦੰਡ।** ਕਿਸੇ ਮਰੀਜ਼ ਦਾ ਮੁਲਾਂਕਣ ਇਹ ਨਿਰਧਾਰਿਤ ਕਰਨ ਲਈ ਕੀਤਾ ਜਾਂਦਾ ਹੈ ਕਿ ਕੀ ਮਰੀਜ਼ ਉੱਚ ਮੈਡੀਕਲ ਖਰਚੇ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਦਾ ਹੈ।

**5.6.2.1 ਉੱਚ ਮੈਡੀਕਲ ਖਰਚਿਆਂ 'ਤੇ ਆਧਾਰਿਤ ਯੋਗਤਾ।** ਇੱਕ ਅਜਿਹਾ ਮਰੀਜ਼ ਜਿਸਦੀ ਕੁੱਲ ਸਲਾਨਾ ਆਮਦਨੀ ਦਾ ਪੱਧਰ ਚਾਹੇ ਜਿੰਨਾ ਵੀ ਹੋਵੇ ਜੇ ਉਸਨੇ ਅਰਜੀ ਦੇਣ ਤੋਂ ਪਹਿਲਾਂ ਯੋਗ ਸੇਵਾਵਾ ਲਈ 12 ਮਹੀਨਿਆਂ ਤੋਂ ਵੱਧ ਸਮੇਂ ਲਈ ਮੈਡੀਕਲ ਅਤੇ ਫਾਰਮੇਸੀ ਦੇ ਖਰਚੇ ਆਪਣੀ ਜੇਬ ਵਿੱਚੋਂ ਕੀਤੇ ਹਨ ਜੋ ਉਸਦੀ ਘਰੇਲੂ ਆਮਦਨੀ ਦੇ 10% ਤੋਂ ਵੱਧ ਜਾਂ ਇਸ ਦੇ ਬਰਾਬਰ ਹਨ ਤਾਂ ਮਰੀਜ਼ ਵਿੱਤੀ ਸਹਾਇਤਾ ਲਈ ਯੋਗ ਹੈ।

**5.6.2.1.1 KFHP/H ਜੇਬ ਵਿੱਚੋਂ ਕੀਤੇ ਖਰਚੇ।** KP ਸਹੂਲਤਾਂ 'ਤੇ ਕੀਤੇ ਗਏ ਮੈਡੀਕਲ ਅਤੇ ਫਾਰਮੇਸੀ ਖਰਚਿਆਂ ਵਿੱਚ ਯੋਗ ਸੇਵਾਵਾਂ ਨਾਲ ਸਬੰਧਤ ਸਹਿ-ਭੁਗਤਾਨ, ਜਮ੍ਹਾ ਕੀਤੀ ਰਕਮ, ਸਹਿ-ਬੀਮਾ, ਅਤੇ ਕਟੌਤੀਆਂ ਸ਼ਾਮਲ ਹਨ।

**5.6.2.1.2 ਗੈਰ-KFHP/H ਜੇਬ ਵਿੱਚੋਂ ਕੀਤੇ ਖਰਚੇ।** ਯੋਗ ਮੈਡੀਕਲ ਤੌਰ 'ਤੇ ਲੋੜੀਂਦੀਆਂ ਸੇਵਾਵਾਂ ਨਾਲ ਸੰਬੰਧਤ ਗੈਰ-KP ਸਹੂਲਤਾਂ 'ਤੇ ਪ੍ਰਦਾਨ ਕੀਤੇ ਗਏ ਮੈਡੀਕਲ, ਫਾਰਮੇਸੀ, ਅਤੇ ਦੰਦਾਂ ਦੇ ਖਰਚੇ, ਅਤੇ ਮਰੀਜ਼ ਦੁਆਰਾ ਕੀਤੇ ਗਏ ਖਰਚੇ (ਕਿਸੇ ਵੀ ਛੋਟ ਜਾਂ ਰਿਆਇਤ ਨੂੰ ਛੱਡ ਕੇ) ਸ਼ਾਮਲ ਹਨ। ਮਰੀਜ਼ ਨੂੰ ਗੈਰ-KP ਸਹੂਲਤਾਂ ਤੋਂ ਪ੍ਰਾਪਤ ਸੇਵਾਵਾਂ ਲਈ ਮੈਡੀਕਲ ਖਰਚਿਆਂ ਦੇ ਦਸਤਾਵੇਜ਼ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ।

**5.6.2.1.2.1** ਜੇ ਗੈਰ-KFHP/H ਪ੍ਰਦਾਤਾ ਜਿੱਥੇ ਖਰਚੇ ਲਏ ਜਾਂਦੇ ਹਨ, ਉੱਥੇ ਇੱਕ ਅਜਿਹੀ ਵਿੱਤੀ ਸਹਾਇਤਾ ਪ੍ਰੋਗਰਾਮ ਦੀ ਪੇਸ਼ਕਸ਼ ਕਰਦਾ ਹੈ ਜਿਸ ਲਈ

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

ਮਰੀਜ਼ ਯੋਗ ਹੋ ਸਕਦਾ ਹੈ, ਤਾਂ ਮਰੀਜ਼ਾਂ ਲਈ ਲਾਜ਼ਮੀ ਹੈ ਕਿ ਉਹ ਖਰਚਿਆਂ ਨੂੰ ਯੋਗ ਮੈਡੀਕਲ ਖਰਚੇ ਵਜੋਂ ਵਿਚਾਰੇ ਜਾਣ ਤੋਂ ਪਹਿਲਾਂ ਅਰਜ਼ੀ ਜਮ੍ਹਾਂ ਕਰਵਾਏ।

**5.6.2.1.3 ਸਿਹਤ ਪਲਾਨ ਦੀ ਕਿਸ਼ਤ।** ਜੇਬ ਵਿੱਚੋਂ ਕੀਤੇ ਖਰਚਿਆਂ ਵਿੱਚ ਸਿਹਤ ਦੇਖਭਾਲ ਸੰਬੰਧੀ ਕਵਰੇਜ (ਜਿਵੇਂ ਕਿ ਬਕਾਏ ਜਾਂ ਕਿਸ਼ਤਾਂ) ਨਾਲ ਸੰਬੰਧਿਤ ਲਾਗਤ ਸ਼ਾਮਲ ਨਹੀਂ ਹੁੰਦੀ ਹੈ।

## 5.7 ਇਨਕਾਰ ਅਤੇ ਅਪੀਲਾਂ

**5.7.1 ਇਨਕਾਰ।** ਇੱਕ ਮਰੀਜ਼ ਜੋ MFA ਪ੍ਰੋਗਰਾਮ ਲਈ ਅਰਜ਼ੀ ਦਿੰਦਾ ਹੈ ਅਤੇ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦਾ ਹੈ, ਤਾਂ ਉਸਨੂੰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ MFA ਲਈ ਉਹਨਾਂ ਦੀ ਬੇਨਤੀ ਨੂੰ ਇਨਕਾਰ ਕੀਤਾ ਗਿਆ ਹੈ।

**5.7.2 MFA ਇਨਕਾਰ ਦੀ ਅਪੀਲ ਕਿਵੇਂ ਕਰੀਏ।** ਉਹ ਮਰੀਜ਼ ਜਿਨ੍ਹਾਂ ਨੂੰ MFA ਤੋਂ ਇਨਕਾਰ ਕੀਤਾ ਗਿਆ ਹੈ ਜਾਂ ਮਨਜ਼ੂਰੀ ਦਿੱਤੀ ਗਈ ਹੈ ਅਤੇ ਉਹਨਾਂ ਨੂੰ ਵਿਸ਼ਵਾਸ ਹੈ ਕਿ ਉਹ ਉੱਚ MFA ਅਵਾਰਡ ਪ੍ਰਦਾਨ ਕਰਨ ਲਈ ਯੋਗ ਹਨ, ਤਾਂ ਉਹ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹਨ। ਮਰੀਜ਼ਾਂ ਨੂੰ ਅਪੀਲ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਜੇਕਰ: (1) ਉਹਨਾ ਨੇ ਪਹਿਲਾਂ ਵਿੱਤੀ ਦਸਤਾਵੇਜ਼ ਜਮ੍ਹਾਂ ਨਹੀਂ ਕਰਵਾਏ ਹਨ, ਜਾਂ (2) ਉਹਨਾਂ ਦੀ ਘਰੇਲੂ ਆਮਦਨ ਬਦਲ ਗਈ ਹੈ। ਅਪੀਲ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਹਿਦਾਇਤਾਂ MFA ਇਨਕਾਰ ਅਤੇ ਮਨਜ਼ੂਰੀ ਪੱਤਰਾਂ ਦੇ ਨਾਲ-ਨਾਲ MFA ਵੈੱਬਸਾਈਟ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਨਿਯਕਤ ਕੀਤੇ KFHP/H ਸਟਾਫ ਦੁਆਰਾ ਅਪੀਲਾਂ ਦੀ ਸਮੀਖਿਆ ਕੀਤੀ ਜਾਂਦੀ ਹੈ। ਮਰੀਜ਼ਾਂ ਨੂੰ ਉਹਨਾਂ ਦੀ ਅਪੀਲ ਨਤੀਜੇ ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਂਦਾ ਹੈ। ਅਪੀਲ ਦੇ ਸਾਰੇ ਫੈਸਲੇ ਅੰਤਿਮ ਹੁੰਦੇ ਹਨ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**5.8 ਅਵਾਰਡ ਢਾਂਚਾ।** MFA ਅਵਾਰਡ ਪਿਛਲੇ ਬਾਕੀ ਭੁਗਤਾਨ ਜਾਂ ਬਾਕੀ ਬਕਾਏ, ਕਰਜ਼ੇ ਦੀ ਵਸੂਲੀ ਵਾਲੀ ਏਜੰਸੀ ਕੋਲ ਰੱਖੇ ਬਕਾਏ, ਅਤੇ ਬਾਕੀ ਰਹਿੰਦੇ ਖਰਚਿਆਂ 'ਤੇ ਲਾਗੂ ਹੁੰਦੇ ਹਨ। MFA ਅਵਾਰਡਾਂ ਵਿੱਚ KP ਪ੍ਰਦਾਤਾ ਦੁਆਰਾ ਨਿਰਧਾਰਿਤ ਕੀਤੇ ਅਨੁਸਾਰ ਕਿਸੇ ਵੀ ਲੋੜੀਂਦੀ ਫਾਲੋ-ਅੱਪ ਸੇਵਾਵਾਂ ਲਈ ਯੋਗਤਾ ਮਿਆਦ ਵੀ ਸ਼ਾਮਲ ਹੋ ਸਕਦੀ ਹੈ।

**5.8.1 ਅਵਾਰਡ ਦਾ ਆਧਾਰ।** MFA ਪ੍ਰੋਗਰਾਮ ਦੁਆਰਾ ਅਦਾ ਕੀਤੀ ਮਰੀਜ਼ ਦੀ ਲਾਗਤ ਇਸ ਆਧਾਰ 'ਤੇ ਨਿਰਧਾਰਿਤ ਕੀਤੀ ਜਾਂਦੀ ਹੈ ਕਿ ਕੀ ਮਰੀਜ਼ ਕੋਲ ਸਿਹਤ ਦੇਖਭਾਵ ਸੰਬੰਧੀ ਕਵਰੇਜ ਹੈ ਅਤੇ ਮਰੀਜ਼ ਦੀ ਘਰੇਲੂ ਆਮਦਨ ਕਿੰਨੀ ਹੈ।

**5.8.1.1 ਸਿਹਤ ਦੇਖਭਾਲ ਕਵਰੇਜ ਤੋਂ ਬਿਨਾਂ MFA-ਯੋਗ ਮਰੀਜ਼ (ਬੀਮਾ-ਰਹਿਤ)।** ਇੱਕ ਯੋਗ ਬੀਮਾ-ਰਹਿਤ ਮਰੀਜ਼ ਨੂੰ ਸਾਰੀਆਂ ਯੋਗ ਸੇਵਾਵਾਂ ਲਈ ਮਰੀਜ਼ ਦੀ ਲਾਗਤ 'ਤੇ ਛੋਟ ਮਿਲਦੀ ਹੈ।

**5.8.1.2 ਸਿਹਤ ਦੇਖਭਾਲ ਸੰਬੰਧੀ ਕਵਰੇਜ ਵਾਲੇ MFA-ਯੋਗ ਮਰੀਜ਼ (ਬੀਮਿਤ)।** ਇੱਕ ਯੋਗ ਬੀਮਿਤ ਮਰੀਜ਼ ਨੂੰ ਸਾਰੀਆਂ ਯੋਗ ਸੇਵਾਵਾਂ ਲਈ ਮਰੀਜ਼ ਦੀ ਲਾਗਤ 'ਤੇ ਛੋਟ ਮਿਲਦੀ ਹੈ ਜਿਸ ਲਈ (1) ਮਰੀਜ਼ ਨਿੱਜੀ ਤੌਰ 'ਤੇ ਜ਼ਿੰਮੇਵਾਰ ਹੁੰਦਾ ਹੈ, ਅਤੇ (2) ਉਹਨਾਂ ਦੇ ਬੀਮਾ ਪ੍ਰਦਾਤਾ ਦੁਆਰਾ ਭੁਗਤਾਨ ਨਹੀਂ ਕੀਤਾ ਜਾਂਦਾ ਹੈ। ਬੀਮੇ ਦੁਆਰਾ ਕਵਰ ਨਾ ਕੀਤੇ ਜਾਣ ਵਾਲੇ ਬਿੱਲ ਦੇ ਹਿੱਸੇ ਨੂੰ ਨਿਰਧਾਰਿਤ ਕਰਨ ਲਈ ਮਰੀਜ਼ ਨੂੰ ਦਸਤਾਵੇਜ਼ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ, ਜਿਵੇਂ ਕਿ ਲਾਭਾਂ ਦਾ ਵੇਰਵਾ (EOB)। ਇੱਕ ਯੋਗ ਬੀਮਿਤ ਮਰੀਜ਼ ਨੂੰ ਕਿਸੇ ਵੀ ਇਨਕਾਰ ਕੀਤੇ ਦਾਅਵਿਆਂ ਲਈ ਆਪਣੇ ਬੀਮਾ ਪ੍ਰਦਾਤਾ ਕੋਲ ਇੱਕ ਅਪੀਲ ਦਾਇਰ ਕਰਨ ਦੀ ਲੋੜ ਹੁੰਦੀ ਹੈ। ਯੋਗ ਬੀਮਿਤ ਮਰੀਜ਼ਾਂ ਨੂੰ ਆਪਣੇ ਬੀਮਾ ਪ੍ਰਦਾਤਾ ਵੱਲੋਂ ਅਪੀਲ ਤੋਂ ਇਨਕਾਰ ਕਰਨ ਦੇ ਦਸਤਾਵੇਜ਼ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ।

**5.8.1.2.1 ਬੀਮਾ ਪ੍ਰਦਾਤਾ ਤੋਂ ਪ੍ਰਾਪਤ ਹੋਏ ਭੁਗਤਾਨ।** ਇੱਕ ਯੋਗ ਬੀਮਿਤ ਮਰੀਜ਼ ਨੂੰ KFHP/H ਦੁਆਰਾ ਪ੍ਰਦਾਨ ਕੀਤੀਆਂ ਸੇਵਾਵਾਂ ਦੇ ਕਿਸੇ ਵੀ ਭੁਗਤਾਨ ਲਈ KFHP/H ਨੂੰ

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

ਸਾਈਨ ਕਰਨ ਦੀ ਲੋੜ ਹੁੰਦੀ ਹੈ ਜੋ ਮਰੀਜ਼ ਨੂੰ ਉਸ ਮਰੀਜ਼ ਦੇ ਬੀਮਾ ਪ੍ਰਦਾਤਾ ਤੋਂ ਪ੍ਰਾਪਤ ਹੁੰਦਾ ਹੈ।

**5.8.1.3 ਛੋਟ ਸਾਰਣੀ।** KP ਮੈਡੀਕਲ ਵਿੱਤੀ ਸਹਾਇਤਾ ਲਈ ਯੋਗ ਮਰੀਜ਼ ਤੋਂ ਜੋ ਰਕਮਾਂ ਵਸੂਲਦਾ ਹੈ, ਉਹ ਪ੍ਰੋਗਰਾਮ ਲਈ ਮਰੀਜ਼ ਨੂੰ ਯੋਗ ਬਣਾਉਣ ਲਈ ਵਰਤੇ ਜਾਂਦੇ ਯੋਗਤਾ ਸੰਬੰਧੀ ਮਾਪਦੰਡਾਂ ਦੀ ਕਿਸਮ 'ਤੇ ਆਧਾਰਿਤ ਹੁੰਦੀਆਂ ਹਨ। ਪਾਲਿਸੀ ਦੇ ਅਧੀਨ ਉਪਲਬਧ ਛੋਟਾਂ ਬਾਰੇ ਵਾਧੂ ਜਾਣਕਾਰੀ ਨੂੰ ਸੰਬੰਧਿਤ ਅਨੁਲੱਗ ਵਿੱਚ ਸਾਰ ਰੂਪ ਵਿੱਚ ਦਿੱਤਾ ਗਿਆ ਹੈ। *Kaiser Permanente Regions, ਅਟੈਚਮੈਂਟਾਂ 1-8 ਲਈ ਅਨੁਲੱਗਾਂ ਨੂੰ ਦੇਖੋ।*

**5.8.1.3.1 ਅਨੁਮਾਨਿਤ ਯੋਗਤਾ ਨਿਰਧਾਰਨ – ਪੂਰਵ-ਯੋਗ।** ਇੱਕ ਅਜਿਹਾ ਮਰੀਜ਼ ਜੋ MFA ਯੋਗਤਾ ਲਈ ਪੂਰਵ-ਯੋਗ ਹੈ (ਜਿਵੇਂ ਕਿ ਸੈਕਸ਼ਨ 5.5.1 ਵਿੱਚ ਸਾਰ ਦਿੱਤਾ ਗਿਆ ਹੈ) ਤਾਂ ਉਹ ਮਰੀਜ਼ ਜਿਹੜੀਆਂ ਸੇਵਾਵਾਂ ਲਈ ਜਿੰਮੇਵਾਰ ਹੁੰਦਾ ਹੈ ਉਹਨਾਂ ਲਾਗਤ 'ਤੇ ਜਾਂ ਖਰਚਿਆਂ 'ਤੇ 100% MFA ਛੋਟ ਪ੍ਰਾਪਤ ਕਰੇਗਾ।

**5.8.1.3.2 KP ਦੁਆਰਾ ਅਨੁਮਾਨਿਤ ਯੋਗਤਾ ਨਿਰਧਾਰਨ – ਸਵੈ-ਭੁਗਤਾਨ ਦਾ ਬਾਕੀ ਬਕਾਇਆ।** ਇੱਕ ਮਰੀਜ਼ ਜੋ ਸਾਧਨ ਟੈਸਟ ਕਰਨ ਦੇ ਮਾਪਦੰਡਾਂ ਨੂੰ ਪੂਰਾ ਕਰਦਾ ਹੈ, ਮਰੀਜ਼ ਦੀ ਲਾਗਤ ਜਾਂ ਪ੍ਰਦਾਨ ਕੀਤੀਆਂ ਉਹਨਾਂ ਸੇਵਾਵਾਂ ਲਈ ਖਰਚਿਆਂ ਦੇ ਹਿੱਸੇ 'ਤੇ ਇੱਕ ਸਲਾਈਡਿੰਗ ਸਕੇਲ MFA ਛੋਟ ਪ੍ਰਾਪਤ ਕਰੇਗਾ ਜਿਹਨਾਂ ਲਈ ਮਰੀਜ਼ ਜ਼ਿੰਮੇਵਾਰ ਹੁੰਦਾ ਹੈ।

**5.8.1.3.3 KP ਦੁਆਰਾ ਅਨੁਮਾਨਿਤ ਯੋਗਤਾ ਨਿਰਧਾਰਨ – ਵਿੱਤੀ ਤੰਗੀ ਦੇ ਸੰਕੇਤ।** ਇੱਕ ਅਜਿਹਾ ਮਰੀਜ਼ ਜੋ ਵਿੱਤੀ ਤੰਗੀ ਦੇ ਮਾਪਦੰਡਾਂ ਦੇ ਸੰਕੇਤਾਂ ਨੂੰ ਪੂਰਾ ਕਰਦਾ ਹੈ, ਉਹ

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

ਮਰੀਜ਼ ਉਸ ਲਾਗਤ ਜਾਂ ਪ੍ਰਦਾਨ ਕੀਤੀਆਂ ਸੇਵਾਵਾਂ ਲਈ ਖਰਚੇ ਦੇ ਹਿੱਸੇ 'ਤੇ 100% MFA ਛੋਟ ਪ੍ਰਾਪਤ ਕਰੇਗਾ ਜਿਸ ਲਈ ਮਰੀਜ਼ ਜ਼ਿੰਮੇਵਾਰ ਹੁੰਦਾ ਹੈ।

5.8.1.3.4 **ਮਰੀਜ਼ ਜੋ ਸਾਧਨ ਟੈਸਟ ਕਰਨ ਦੇ ਮਾਪਦੰਡ ਨੂੰ ਪੂਰਾ ਕਰਦਾ ਹੋਵੇ।** ਇੱਕ ਅਜਿਹਾ ਮਰੀਜ਼ ਜੋ ਸਾਧਨ ਟੈਸਟ ਕਰਨ ਦੇ ਮਾਪਦੰਡਾਂ ਨੂੰ ਪੂਰਾ ਕਰਦਾ ਹੈ, ਉਹ ਮਰੀਜ਼ ਉਸ ਲਾਗਤ ਜਾਂ ਪ੍ਰਦਾਨ ਕੀਤੀਆਂ ਸੇਵਾਵਾਂ ਲਈ ਖਰਚਿਆਂ ਦੇ ਹਿੱਸੇ 'ਤੇ ਇੱਕ ਸਲਾਈਡਿੰਗ ਸਕੇਲ MFA ਛੋਟ ਪ੍ਰਾਪਤ ਕਰੇਗਾ ਜਿਸ ਲਈ ਮਰੀਜ਼ ਜ਼ਿੰਮੇਵਾਰ ਹੁੰਦਾ ਹੈ।

5.8.1.3.5 **ਮਰੀਜ਼ ਜੋ ਉੱਚ ਮੈਡੀਕਲ ਖਰਚੇ ਦੇ ਮਾਪਦੰਡ ਨੂੰ ਪੂਰਾ ਕਰਦਾ ਹੈ।** ਇੱਕ ਅਜਿਹਾ ਮਰੀਜ਼ ਜੋ ਉੱਚ-ਮੈਡੀਕਲ ਖਰਚੇ ਦੇ ਮਾਪਦੰਡਾਂ ਨੂੰ ਪੂਰਾ ਕਰਦਾ ਹੈ, ਉਹ ਮਰੀਜ਼ ਉਸ ਲਾਗਤ ਜਾਂ ਪ੍ਰਦਾਨ ਕੀਤੀਆਂ ਸੇਵਾਵਾਂ ਲਈ ਖਰਚਿਆਂ 'ਤੇ 100% MFA ਛੋਟ ਪ੍ਰਾਪਤ ਕਰੇਗਾ ਜਿਸ ਲਈ ਮਰੀਜ਼ ਜ਼ਿੰਮੇਵਾਰ ਹੁੰਦਾ ਹੈ।

**5.8.1.4 ਸੈਟਲਮੈਂਟਾਂ ਤੋਂ ਅਦਾਇਗੀਆਂ।** KFHP/H ਤੀਜੀ ਧਿਰ ਦੀ ਦੇਣਦਾਰੀ/ਨਿੱਜੀ ਬੀਮਾ ਸੁਰੱਖਿਆ ਸੈਟਲਮੈਂਟਾਂ, ਭੁਗਤਾਨ ਕਰਤਾਵਾਂ, ਜਾਂ ਹੋਰ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਧਿਰਾਂ, ਜੇ ਲਾਗੂ ਹੋਣ, ਤੋਂ ਅਦਾਇਗੀ ਚੁਕਤੀਆਂ ਕਰਵਾਉਂਦਾ ਹੈ।

**5.8.2 ਅਵਾਰਡ ਯੋਗਤਾ ਦੀ ਮਿਆਦ।** ਫਾਲੋ-ਅੱਪ ਸੇਵਾਵਾਂ ਲਈ ਯੋਗਤਾ ਦੀ ਮਿਆਦ ਮਨਜ਼ੂਰੀ ਦੀ ਮਿਤੀ ਤੋਂ, ਜਾਂ ਸੇਵਾਵਾਂ ਪ੍ਰਦਾਨ ਕੀਤੇ ਜਾਣ ਦੀ ਮਿਤੀ ਤੋਂ, ਜਾਂ ਦਵਾਈਆਂ ਦੀ ਵੰਡ ਦੀ ਮਿਤੀ ਤੋਂ ਸ਼ੁਰੂ ਹੁੰਦੀ ਹੈ। ਯੋਗਤਾ ਵਕਫੇ ਦੀ ਮਿਆਦ ਸਿਰਫ਼ ਇੱਕ ਸੀਮਤ ਸਮਾਂ ਹੀ ਹੁੰਦਾ ਹੈ ਅਤੇ ਜੋ ਵੱਖ-ਵੱਖ ਤਰੀਕਿਆਂ ਨਾਲ KP ਦੀ ਸੂਝਬੂਝ ਦੁਆਰਾ ਨਿਰਧਾਰਿਤ ਕੀਤੀ ਜਾਂਦੀ ਹੈ, ਜਿਸ ਵਿੱਚ ਇਹ ਸ਼ਾਮਲ ਹਨ:

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**5.8.2.1 ਸਮੇਂ ਦੀ ਵਿਸ਼ੇਸ਼ ਮਿਆਦ।** ਯੋਗ ਫਾਲੋ-ਅੱਪ ਸੇਵਾਵਾਂ ਲਈ ਵੱਧ ਤੋਂ ਵੱਧ 365 ਦਿਨ ਅਤੇ ਮਾੜੇ ਕਰਜ਼ੇ ਵਜੋਂ ਰੈਫਰਲ ਪ੍ਰਾਪਤ ਹੋਣ ਤੋਂ ਪਹਿਲਾਂ ਪਛਾਣ ਕੀਤੇ ਗਏ ਮਰੀਜ਼ਾਂ ਦੇ ਬਾਕੀ ਰਹਿੰਦੇ ਲਾਗਤ ਦੇ ਬਕਾਏ।

**5.8.2.2 ਕੁਸ਼ਲ ਨਰਸਿੰਗ, ਰੋਜ਼ਾਨਾਂ ਜੀਵਨ ਲੋੜਾਂ ਸੰਬੰਧੀ ਸੇਵਾਵਾਂ ਅਤੇ ਦਰਮਿਆਨੀ ਦੇਖਭਾਲ।** KP ਤੋਂ ਬਾਹਰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਲਈ ਵੱਧ ਤੋਂ ਵੱਧ 30 ਦਿਨ।

**5.8.2.3 ਹੰਢਣਯੋਗ ਮੈਡੀਕਲ ਉਪਕਰਣ।** ਵਿਕਰੇਤਾ ਦੁਆਰਾ ਸਪਲਾਈ ਕੀਤੇ ਮੈਡੀਕਲ ਉਪਕਰਣਾਂ ਲਈ ਵੱਧੋ-ਵੱਧ 180 ਦਿਨ।

**5.8.2.4 ਇਲਾਜ ਦਾ ਕੋਰਸ ਜਾਂ ਦੇਖਭਾਲ ਦਾ ਐਪੀਸੋਡ।** KP ਪ੍ਰਦਾਤਾ ਦੁਆਰਾ ਨਿਰਧਾਰਿਤ ਇਲਾਜ ਦੇ ਕੋਰਸ ਅਤੇ/ਜਾਂ ਦੇਖਭਾਲ ਦੇ ਐਪੀਸੋਡ ਲਈ ਵੱਧ ਤੋਂ ਵੱਧ 180 ਦਿਨ।

**5.8.2.5 ਵਿੱਤੀ ਸਹਾਇਤਾ ਲਈ ਦੁਬਾਰਾ ਅਰਜ਼ੀ ਦੇਣਾ।** ਮੌਜੂਦਾ ਅਵਾਰਡ ਦੀ ਮਿਆਦ ਖਤਮ ਹੋਣ ਦੀ ਮਿਤੀ ਤੋਂ ਤੀਹ (30) ਦਿਨ ਪਹਿਲਾਂ ਅਤੇ ਉਸ ਤੋਂ ਬਾਅਦ ਕਿਸੇ ਵੀ ਸਮੇਂ, ਇੱਕ ਮਰੀਜ਼ ਪ੍ਰੋਗਰਾਮ ਲਈ ਦੁਬਾਰਾ ਅਰਜ਼ੀ ਦੇ ਸਕਦਾ ਹੈ।

**5.8.3 ਅਵਾਰਡ ਵਾਪਸ ਲਿਆ ਗਿਆ, ਰੱਦ ਕੀਤਾ ਗਿਆ, ਜਾਂ ਸੋਧਿਆ ਗਿਆ।** KFHP/H ਕੁਝ ਸਥਿਤੀਆਂ ਵਿੱਚ, ਆਪਣੀ ਸੂਝਬੂਝ ਨਾਲ, ਇੱਕ MFA ਅਵਾਰਡ ਨੂੰ ਵਾਪਸ ਲੈ ਸਕਦਾ ਹੈ, ਰੱਦ ਕਰ ਸਕਦਾ ਹੈ ਜਾਂ ਸੋਧ ਸਕਦਾ ਹੈ। ਇਸ ਵਿੱਚ ਇਹ ਹਾਲਤਾਂ ਸ਼ਾਮਲ ਹਨ:

**5.8.3.1 ਧੋਖਾਧੜੀ, ਚੋਰੀ, ਜਾਂ ਵਿੱਤੀ ਤਬਦੀਲੀਆਂ।** ਧੋਖਾਧੜੀ, ਗਲਤ ਪੇਸ਼ਕਾਰੀ, ਚੋਰੀ, ਮਰੀਜ਼ ਦੀ ਵਿੱਤੀ ਸਥਿਤੀ ਵਿੱਚ ਤਬਦੀਲੀਆਂ, ਜਾਂ ਹੋਰ ਹਾਲਾਤਾਂ ਜਾਂ ਸਥਿਤੀਆਂ ਜੋ MFA ਪ੍ਰੋਗਰਾਮ ਦੀ ਅਖੰਡਤਾ ਨੂੰ ਕਮਜ਼ੋਰ ਕਰਦੀਆਂ ਹਨ।

**5.8.3.2 ਜਨਤਕ ਅਤੇ ਨਿੱਜੀ ਸਿਹਤ ਕਵਰੇਜ ਪ੍ਰੋਗਰਾਮਾਂ ਲਈ ਯੋਗ।** ਇੱਕ ਅਜਿਹਾ ਮਰੀਜ਼ ਜਿਸਦੀ ਜਨਤਕ ਅਤੇ ਨਿੱਜੀ ਸਿਹਤ ਕਵਰੇਜ

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

ਪ੍ਰੋਗਰਾਮਾਂ ਲਈ ਜਾਂਚ ਕੀਤੀ ਗਈ ਹੋਵੇ ਉਸ ਨੂੰ ਯੋਗ ਤਾਂ ਮੰਨਿਆ ਜਾਂਦਾ ਹੈ ਪਰ ਉਹ ਉਹਨਾਂ ਪ੍ਰੋਗਰਾਮਾਂ ਲਈ ਅਰਜ਼ੀ ਪ੍ਰਕਿਰਿਆ ਵਿੱਚ ਸਹਿਯੋਗ ਨਹੀਂ ਕਰ ਸਕਦਾ।

**5.8.3.3 ਹੋਰ ਪਛਾਣ ਕੀਤੇ ਭੁਗਤਾਨ ਸਰੋਤ।** ਮਰੀਜ਼ ਨੂੰ MFA ਅਵਾਰਡ ਪ੍ਰਾਪਤ ਹੋਣ ਤੋਂ ਬਾਅਦ ਹੀ ਸਿਹਤ ਕਵਰੇਜ ਜਾਂ ਹੋਰ ਭੁਗਤਾਨ ਸਰੋਤਾਂ ਦੀ ਪਛਾਣ ਕੀਤੀ ਜਾਂਦੀ ਹੈ ਜੋ ਯੋਗ ਸੇਵਾਵਾਂ ਲਈ ਅਤੀਤ ਦੇ ਖਰਚਿਆ ਦਾ ਮੁੜ-ਬਿਲ ਕੀਤੇ ਜਾਣ ਦਾ ਕਾਰਨ ਬਣਦੇ ਹਨ। ਜੇ ਅਜਿਹਾ ਹੁੰਦਾ ਹੈ, ਤਾਂ ਮਰੀਜ਼ ਦੇ ਬਿਲ ਵਿੱਚ ਉਸ ਬਿਲ ਦੇ ਹਿੱਸੇ ਨੂੰ ਨਹੀਂ ਜੋੜਿਆ ਜਾਂਦਾ
(1) ਜਿਸ ਲਈ ਮਰੀਜ਼ ਨਿੱਜੀ ਤੌਰ 'ਤੇ ਜ਼ਿੰਮੇਵਾਰ ਹੁੰਦਾ ਹੈ ਅਤੇ
(2) ਜਿਸਦਾ ਭੁਗਤਾਨ ਉਨ੍ਹਾਂ ਦੇ ਸਿਹਤ ਕਵਰੇਜ ਜਾਂ ਹੋਰ ਭੁਗਤਾਨ ਸਰੋਤ ਦੁਆਰਾ ਨਹੀਂ ਕੀਤਾ ਜਾਂਦਾ ਹੈ।

**5.8.3.4 ਸਿਹਤ ਕਵਰੇਜ ਵਿੱਚ ਤਬਦੀਲੀ।** ਕੋਈ ਮਰੀਜ਼ ਜੋ ਸਿਹਤ ਦੇਖਭਾਲ ਸੰਬੰਧੀ ਕਵਰੇਜ ਵਿੱਚ ਤਬਦੀਲੀ ਦਾ ਅਨੁਭਵ ਕਰਦਾ ਹੈ, ਉਸਨੂੰ MFA ਪ੍ਰੋਗਰਾਮ ਲਈ ਦੁਬਾਰਾ ਅਰਜ਼ੀ ਦੇਣ ਲਈ ਕਿਹਾ ਜਾਵੇਗਾ।

**5.8.3.5 ਪਰਿਵਾਰਕ ਆਮਦਨ ਵਿੱਚ ਤਬਦੀਲੀ।** ਕੋਈ ਮਰੀਜ਼ ਜੋ ਘਰੇਲੂ ਆਮਦਨ ਵਿੱਚ ਤਬਦੀਲੀ ਦਾ ਅਨੁਭਵ ਕਰਦਾ ਹੈ, ਉਸਨੂੰ MFA ਪ੍ਰੋਗਰਾਮ ਲਈ ਦੁਬਾਰਾ ਅਰਜ਼ੀ ਦੇਣ ਲਈ ਕਿਹਾ ਜਾਵੇਗਾ।

**5.9 ਖਰਚਿਆਂ ਦੀ ਸੀਮਾ।** MFA-ਯੋਗ ਮਰੀਜ਼ਾਂ ਤੋਂ Kaiser Foundation Hospital ਵਿੱਚ ਪੇਸ਼ ਕੀਤੇ ਗਏ ਯੋਗ ਹਸਪਤਾਲ ਖਰਚਿਆਂ ਲਈ ਡਾਲਰਾਂ ਦੀ ਪੂਰੀ ਰਕਮ (ਜਿਵੇਂ ਕਿ, ਕੁੱਲ ਖਰਚੇ) ਲੈਣ ਦੀ ਮਨਾਹੀ ਹੈ। ਕੋਈ ਮਰੀਜ਼ ਜਿਸ ਨੇ Kaiser Foundation Hospital ਵਿੱਚ ਯੋਗ ਹਸਪਤਾਲ ਸੇਵਾਵਾਂ ਪ੍ਰਾਪਤ ਕੀਤੀਆਂ ਹਨ ਅਤੇ MFA ਪ੍ਰੋਗਰਾਮ ਲਈ ਯੋਗ ਹੈ ਪਰ MFA ਅਵਾਰਡ ਪ੍ਰਾਪਤ ਨਹੀਂ ਕੀਤਾ ਹੈ ਜਾਂ ਕਿਸੇ MFA ਅਵਾਰਡ ਤੋਂ ਇਨਕਾਰ ਕੀਤਾ ਹੈ, ਤਾਂ ਉਹਨਾਂ ਸੇਵਾਵਾਂ ਲਈ ਆਮ ਤੌਰ 'ਤੇ ਬਣਾਏ ਬਿਲ (AGB) ਦੀ ਰਕਮ ਤੋਂ ਵੱਧ ਨਹੀਂ ਲਿਆ ਜਾਂਦਾ ਹੈ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**5.9.1 ਆਮ ਤੌਰ 'ਤੇ ਬਣਾਈ ਗਈ ਬਿਲ ਦੀ ਰਕਮ।** ਉਹਨਾਂ ਵਿਅਕਤੀਆਂ ਨੂੰ ਐਮਰਜੈਂਸੀ ਜਾਂ ਹੋਰ ਮੈਡੀਕਲ ਤੌਰ 'ਤੇ ਲੋੜੀਂਦੀ ਦੇਖਭਾਲ ਲਈ ਆਮ ਤੌਰ 'ਤੇ ਬਣਾਏ ਬਿਲ (AGB) ਦੀ ਰਕਮ KP ਸਹੂਲਤਾਂ ਲਈ ਨਿਰਧਾਰਿਤ ਕੀਤੀ ਜਾਂਦੀ ਹੈ, ਜਿਵੇਂ ਕਿ ਲਾਗੂ ਖੇਤਰ-ਵਿਸ਼ੇਸ਼ ਦੇ ਅਨੁਲੱਗ ਵਾਲੇ ਸੈਕਸ਼ਨ VII ਵਿੱਚ ਦੱਸਿਆ ਗਿਆ ਹੈ। *Kaiser Permanente Regions, ਅਟੈਚਮੈਂਟਾਂ 1-8 ਲਈ ਅਨੁਲੱਗਾਂ ਨੂੰ ਦੇਖੋ।*

## 5.10 ਵਸੂਲੀ ਦੀਆਂ ਕਾਰਵਾਈਆਂ

**5.10.1 ਵਾਜਬ ਸੂਚਨਾ ਦੇ ਯਤਨ।** KFHP/H ਜਾਂ ਉਸਦੀ ਤਰਫੋਂ ਕੰਮ ਕਰਨ ਵਾਲੀ ਕੋਈ ਵੀ ਕਰਜ਼ਾ ਵਸੂਲਣ ਵਾਲੀ ਏਜੰਸੀ ਉਹਨਾਂ ਮਰੀਜ਼ਾਂ ਨੂੰ ਸੂਚਿਤ ਕਰਨ ਲਈ ਉਚਿਤ ਯਤਨ ਕਰਦੀ ਹੈ ਜਿਹਨਾਂ ਦਾ MFA ਪ੍ਰੋਗਰਾਮ ਨਾਲ ਸੰਬੰਧਤ ਪਿਛਲੀਆਂ ਬਾਕੀ ਰਕਮਾਂ ਖੜੀਆਂ ਹਨ ਜਾਂ ਬਕਾਏ ਬਾਕੀ ਹਨ। ਵਾਜਬ ਸੂਚਨਾ ਦੇ ਯਤਨਾਂ ਵਿੱਚ ਇਹ ਸ਼ਾਮਲ ਹਨ:

**5.10.1.1** ਪਹਿਲੇ ਡਿਸਚਾਰਜ ਤੋਂ ਪਹਿਲਾਂ ਦੀ ਸਟੇਟਮੈਂਟ ਦੇ 120 ਦਿਨਾਂ ਦੇ ਅੰਦਰ ਇੱਕ ਲਿਖਤੀ ਨੋਟਿਸ ਦੇਕੇ ਖਾਤਾ ਧਾਰਕ ਨੂੰ ਸੂਚਿਤ ਕਰਨਾ ਕਿ ਯੋਗਤਾ ਪੂਰੀ ਕਰਨ ਵਾਲਿਆਂ ਲਈ MFA ਉਪਲਬਧ ਹੈ।

**5.10.1.2** ਅਸਾਧਾਰਨ ਵਸੂਲੀ ਦੀਆਂ ਕਾਰਵਾਈਆਂ (ECAs) ਦੀ ਸੂਚੀ ਦੇ ਨਾਲ ਲਿਖਤੀ ਨੋਟਿਸ ਪ੍ਰਦਾਨ ਕਰਨਾ ਕਿ ਜੇ KFHP/H ਜਾਂ ਕੋਈ ਕਰਜ਼ਾ ਵਸੂਲਣ ਵਾਲੀ ਏਜੰਸੀ ਮਰੀਜ਼ ਦੀ ਲਾਗਤ ਦੇ ਬਕਾਏ ਦੀ ਵਸੂਲੀ ਲਈ ਪ੍ਰਕਿਰਿਆ ਸ਼ੁਰੂ ਕਰਨਾ ਚਾਹੁੰਦੀ ਹੈ, ਅਤੇ ਅਜਿਹੀਆਂ ਕਾਰਵਾਈਆਂ ਦੀ ਅੰਤਿਮ ਤਾਰੀਖ ਲਿਖਤੀ ਨੋਟਿਸ ਦੇਣ ਦੀ ਤਾਰੀਖ ਤੋਂ ਬਾਅਦ 30 ਦਿਨਾਂ ਤੋਂ ਪਹਿਲ ਦੀ ਨਹੀਂ ਹੋਣੀ ਚਾਹੀਦੀ ਹੈ।

**5.10.1.3** ਹਸਪਤਾਲ ਦੇ ਮਰੀਜ਼ ਦੀ ਪਹਿਲੀ ਸਟੇਟਮੈਂਟ ਦੇ ਨਾਲ MFA ਨੀਤੀ ਦਾ ਸਾਦੀ ਭਾਸ਼ਾ ਵਿੱਚ ਸਾਰ ਪ੍ਰਦਾਨ ਕਰਨਾ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**5.10.1.4** ਖਾਤਾ ਧਾਰਕ ਨੂੰ MFA ਨੀਤੀ ਅਤੇ MFA ਅਰਜ਼ੀ ਪ੍ਰਕਿਰਿਆ ਦੁਆਰਾ ਸਹਾਇਤਾ ਕਿਵੇਂ ਪ੍ਰਾਪਤ ਕਰਨੀ ਹੈ ਬਾਰੇ ਜ਼ੁਬਾਨੀ ਸੂਚਿਤ ਕਰਨ ਦੀ ਕੋਸ਼ਿਸ਼ ਕਰਨਾ।

**5.10.1.5** ਅਤੀਤ ਦੀਆਂ ਬਾਕੀ ਰਹਿੰਦੀਆਂ ਰਕਮਾਂ ਜਾਂ ਮਰੀਜ਼ ਦੇ ਬਾਕੀ ਰਹਿੰਦੇ ਬਕਾਏ ਕਿਸੇ ਕਰਜ਼ੇ ਵਸੂਲਣ ਵਾਲੀ ਏਜੰਸੀ ਨੂੰ ਟਰਾਂਸਫਰ ਕੀਤੇ ਜਾਣ ਤੋਂ ਪਹਿਲਾਂ, ਬੇਨਤੀ 'ਤੇ ਪ੍ਰੋਗਰਾਮ ਦੀ ਯੋਗਤਾ ਦਾ ਪਤਾ ਲਗਾਉਣਾ।

**5.10.2 ਮੁਅੱਤਲ ਕੀਤੀਆਂ ਅਸਧਾਰਨ ਵਸੂਲੀ ਦੀਆਂ ਕਾਰਵਾਈਆਂ।** KFHP/H ਕਰਜ਼ਾ ਵਸੂਲਣ ਵਾਲੀਆਂ ਏਜੰਸੀਆਂ ਨੂੰ ਆਪਣੀ ਤਰਫੋਂ, ਕਿਸੇ ਮਰੀਜ਼ ਵਿਰੁੱਧ ਅਸਾਧਾਰਣ ਵਸੂਲੀ ਦੀਆਂ ਕਾਰਵਾਈਆਂ (ECAs) ਕਰਨ ਜਾਂ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਹੈ ਜੇ ਮਰੀਜ਼:

**5.10.2.1** ਕੋਲ ਸਰਗਰਮ MFA ਅਵਾਰਡ ਹੈ, ਜਾਂ

**5.10.2.2** ਉਸਨੇ ECAs ਸ਼ੁਰੂ ਹੋਣ ਤੋਂ ਬਾਅਦ ਇੱਕ MFA ਅਰਜ਼ੀ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ। ECAs ਨੂੰ ਉਦੋਂ ਤੱਕ ਮੁਅੱਤਲ ਕਰ ਦਿੱਤਾ ਜਾਂਦਾ ਹੈ ਜਦੋਂ ਤੱਕ ਇੱਕ ਅੰਤਮ ਯੋਗਤਾ ਨਿਰਧਾਰਿਤ ਨਹੀਂ ਹੋ ਜਾਂਦੀ।

**5.10.3 ਮਨਜ਼ੂਰ ਹੋਣ ਯੋਗ ਅਸਧਾਰਨ ਵਸੂਲੀ ਦੀਆਂ ਕਾਰਵਾਈਆਂ।**

**5.10.3.1 ਵਾਜਬ ਯਤਨਾਂ ਦਾ ਅੰਤਮ ਨਿਰਧਾਰਨ।** ਕਿਸੇ ਵੀ ECAs ਨੂੰ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ, ਖੇਤਰੀ ਆਮਦਨ ਸਾਈਕਲ ਮਰੀਜ਼ ਵਿੱਤੀ ਸੇਵਾਵਾਂ ਦਾ ਆਗੂ ਹੇਠਾਂ ਦਿੱਤੀਆਂ ਗੱਲਾਂ ਨੂੰ ਯਕੀਨੀ ਬਣਾਉਂਦਾ ਹੈ:

**5.10.3.1.1** MFA ਪ੍ਰੋਗਰਾਮ ਦੇ ਮਰੀਜ਼ ਨੂੰ ਸੂਚਿਤ ਕਰਨ ਲਈ ਉਚਿਤ ਯਤਨਾਂ ਨੂੰ ਪੂਰਾ ਕਰਨਾ, ਅਤੇ

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**5.10.3.1.2** ਮਰੀਜ਼ ਨੂੰ MFA ਲਈ ਅਰਜ਼ੀ ਦੇਣ ਲਈ ਪਹਿਲੀ ਬਿਲਿੰਗ ਸਟੇਟਮੈਂਟ ਤੋਂ ਘੱਟੋ-ਘੱਟ 240 ਦਿਨ ਦਿੱਤੇ ਗਏ ਹੋਣ।

**5.10.3.2 ਉਪਭੋਗਤਾ ਕ੍ਰੈਡਿਟ ਏਜੰਸੀਆਂ ਜਾਂ ਕ੍ਰੈਡਿਟ ਬਿਊਰੋ ਨੂੰ ਰਿਪੋਰਟ ਕਰਨਾ।** KFHP/H ਜਾਂ ਇਸਦੀ ਤਰਫੋਂ ਕੰਮ ਕਰਨ ਵਾਲੀ ਕੋਈ ਕਰਜ਼ਾ ਵਸੂਲਣ ਵਾਲੀ ਏਜੰਸੀ ਉਪਭੋਗਤਾ ਕ੍ਰੈਡਿਟ ਰਿਪੋਰਟਿੰਗ ਏਜੰਸੀਆਂ ਜਾਂ ਕ੍ਰੈਡਿਟ ਬਿਊਰੋ ਨੂੰ ਉਲਟ ਜਾਣਕਾਰੀ ਦੀ ਰਿਪੋਰਟ ਕਰ ਸਕਦੀ ਹੈ।

**5.10.3.3 ਨਿਆਂਇਕ ਜਾਂ ਸਿਵਲ ਕਾਰਵਾਈਆਂ।** ਕੋਈ ਵੀ ਨਿਆਂਇਕ ਜਾਂ ਸਿਵਲ ਕਾਰਵਾਈਆਂ ਕਰਨ ਤੋਂ ਪਹਿਲਾਂ, KFHP/H ਇਹ ਨਿਰਧਾਰਿਤ ਕਰਨ ਲਈ ਕਿ ਕੀ ਮਰੀਜ਼ MFA ਪ੍ਰੋਗਰਾਮ ਲਈ ਯੋਗ ਹੈ ਜਾਂ ਨਹੀਂ, ਬਾਹਰੀ ਡੇਟਾ ਸਰੋਤਾਂ ਦੀ ਵਰਤੋਂ ਕਰਕੇ ਮਰੀਜ਼ ਦੀ ਵਿੱਤੀ ਸਥਿਤੀ ਦੀ ਪੁਸ਼ਟੀ ਕਰਦਾ ਹੈ।

**5.10.3.3.1 MFA ਲਈ ਯੋਗ।** MFA ਪ੍ਰੋਗਰਾਮ ਲਈ ਯੋਗ ਹੋਣ ਵਾਲੇ ਮਰੀਜ਼ਾਂ ਦੇ ਵਿਰੁੱਧ ਕੋਈ ਵਾਧੂ ਕਾਰਵਾਈਆਂ ਨਹੀਂ ਕੀਤੀਆਂ ਜਾਂਦੀਆਂ ਹਨ। ਜਿਹੜੇ ਖਾਤੇ MFA ਲਈ ਯੋਗ ਹੁੰਦੇ ਹਨ, ਉਹਨਾਂ ਨੂੰ ਰੱਦ ਕਰ ਦਿੱਤਾ ਜਾਂਦਾ ਹੈ ਅਤੇ ਅਤੀਤ ਦੇ ਆਧਾਰ 'ਤੇ ਵਾਪਸ ਕਰ ਦਿੱਤਾ ਜਾਂਦਾ ਹੈ।

**5.10.3.3.2 MFA ਲਈ ਯੋਗ ਨਹੀਂ।** ਬਹੁਤ ਹੀ ਸੀਮਤ ਕੇਸਾਂ ਵਿੱਚ, ਹੇਠ ਲਿਖੀਆਂ ਕਾਰਵਾਈਆਂ ਖੇਤਰੀ ਵਿੱਤੀ ਅਧਿਕਾਰੀ ਜਾਂ ਕੰਟਰੋਲਰ ਤੋਂ ਪੂਰਵ ਪ੍ਰਵਾਨਗੀ ਨਾਲ ਕੀਤੀਆਂ ਜਾ ਸਕਦੀਆਂ ਹਨ:

**5.10.3.3.2.1** ਤਨਾਖਾਹ ਚੋਂ ਕਰਜ ਕਟੌਤੀ

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**5.10.3.3.2.2** **ਮਕੱਦਮੇ/ਸਿਵਲ ਕਾਰਵਾਈਆਂ।** ਕਿਸੇ ਅਜਿਹੇ ਵਿਅਕਤੀ ਵਿਰੁੱਧ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਂਦੀ ਜੋ ਬੇਰੁਜ਼ਗਾਰ ਹੈ ਅਤੇ ਕੋਈ ਹੋਰ ਮਹੱਤਵਪੂਰਨ ਆਮਦਨੀ ਤੋਂ ਵਾਂਝਾ ਹੈ।

**5.10.3.3.2.3** ਜਾਇਦਾਦ 'ਤੇ ਪੂਰਨ ਅਧਿਕਾਰ।

**5.10.4** **ਵਰਜਿਤ ਕੀਤੀਆ ਅਸਧਾਰਨ ਵਸੂਲੀ ਦੀਆਂ ਕਾਰਵਾਈਆਂ।** KFHP/H ਕਰਜ਼ਾ ਵਸੂਲਣ ਵਾਲੀਆਂ ਏਜੰਸੀਆਂ ਨੂੰ ਕਿਸੇ ਵੀ ਸਥਿਤੀ ਵਿੱਚ ਹੇਠ ਲਿਖੀਆਂ ਕਾਰਵਾਈਆਂ ਕਰਨ ਦੀ ਇਜਾਜ਼ਤ ਜਾਂ ਇਜਾਜ਼ਤ ਨਹੀਂ ਦਿੰਦਾ ਹੈ:

**5.10.4.1** ਕਿਸੇ ਖਾਤਾ ਧਾਰਕ ਦੁਆਰਾ ਪਿਛਲੇ ਬਕਾਏ ਦਾ ਭੁਗਤਾਨ ਨਾ ਕੀਤੇ ਜਾਣ ਕਾਰਨ ਦੇਖਭਾਲ ਨੂੰ ਮੁਲਤਵੀ ਕਰਨਾ ਜਾਂ ਇਨਕਾਰ ਕਰਨਾ, ਜਾਂ ਐਮਰਜੈਂਸੀ ਜਾਂ ਮੈਡੀਕਲ ਤੌਰ 'ਤੇ ਜ਼ਰੂਰੀ ਦੇਖਭਾਲ ਪ੍ਰਦਾਨ ਕਰਨ ਤੋਂ ਪਹਿਲਾਂ ਭੁਗਤਾਨ ਦੀ ਮੰਗ ਕਰਨਾ।

**5.10.4.2** ਕਿਸੇ ਖਾਤਾ ਧਾਰਕ ਦਾ ਕਰਜ਼ਾ ਕਿਸੇ ਤੀਜੀ ਧਿਰ ਨੂੰ ਵੇਚਣਾ।

**5.10.4.3** ਜਾਇਦਾਦ ਉੱਪਰੰ ਕਬਜਾ ਕਰਨਾ ਜਾਂ ਖਾਤਿਆਂ ਨੂੰ ਜ਼ਬਤ ਕਰਨਾ।

**5.10.4.4** ਗ੍ਰਿਫਤਾਰੀ ਲਈ ਵਾਰੰਟ ਦੀ ਬੇਨਤੀ ਕਰਨਾ।

**5.10.4.5** ਬਾਡੀ ਅਟੈਚਮੈਂਟ ਦੀ ਰਿੱਟ ਲਈ ਬੇਨਤੀ ਕਰਨਾ।

**5.11** **ਆਫ਼ਤ ਅਤੇ ਜਨਤਕ ਸਿਹਤ ਐਮਰਜੈਂਸੀ ਪ੍ਰਤੀ ਪ੍ਰਤੀਕਿਰਆ।** KFHP/H ਅਸਥਾਈ ਤੌਰ 'ਤੇ ਆਪਣੇ MFA ਪ੍ਰੋਗਰਾਮ ਯੋਗਤਾ ਦੇ ਮਾਪਦੰਡ ਅਤੇ ਅਰਜ਼ੀ ਪ੍ਰਕਿਰਿਆਵਾਂ ਨੂੰ ਸੋਧ ਸਕਦਾ ਹੈ ਤਾਂ ਜੋ ਕਿਸੇ ਅਜਿਹੀ ਜਾਣੀ-ਪਛਾਣੀ ਘਟਨਾ ਤੋਂ ਪ੍ਰਭਾਵਿਤ ਭਾਈਚਾਰਿਆਂ ਅਤੇ ਮਰੀਜ਼ਾਂ

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

ਲਈ ਉਪਲਬਧ ਸਹਾਇਤਾ ਵਿੱਚ ਵਾਧਾ ਕੀਤਾ ਜਾ ਸਕੇ ਜਿਸ ਨੂੰ ਰਾਜ ਜਾਂ ਸੰਘੀ ਸਰਕਾਰ ਦੁਆਰਾ ਆਫ਼ਤ ਜਾਂ ਜਨਤਕ ਸਿਹਤ ਐਮਰਜੈਂਸੀ ਵਜੋਂ ਯੋਗ ਮੰਨਿਆ ਗਿਆ ਹੁੰਦਾ ਹੈ।

**5.11.1 ਸੰਭਾਵੀ ਯੋਗਤਾ ਸੰਬੰਧੀ ਸੋਧਾਂ।** MFA ਯੋਗਤਾ ਸੰਬੰਧੀ ਮਾਪਦੰਡ ਵਿੱਚ ਅਸਥਾਈ ਤਬਦੀਲੀਆਂ ਵਿੱਚ ਇਹ ਸ਼ਾਮਲ ਹੋ ਸਕਦੀਆਂ ਹਨ:

**5.11.1.1** ਯੋਗਤਾ ਪਾਬੰਦੀਆਂ ਨੂੰ ਮੁਅੱਤਲ ਕਰਨਾ।

**5.11.1.2** ਸਾਧਨ ਟੈਸਟ ਕਰਨ ਦੇ ਮਾਪਦੰਡਾਂ ਦੀਆਂ ਸੀਮਾਵਾਂ ਨੂੰ ਵਧਾਉਣਾ।

**5.11.1.3** ਉੱਚ ਮੈਡੀਕਲ ਖਰਚੇ ਦੇ ਮਾਪਦੰਡ ਦੀਆਂ ਸੀਮਾਵਾਂ ਨੂੰ ਘਟਾਉਣਾ।

**5.11.2 ਸੰਭਾਵੀ ਅਰਜੀ ਪ੍ਰਕਿਰਿਆ ਵਿੱਚ ਸੋਧ।** MFA ਅਰਜ਼ੀ ਪ੍ਰਕਿਰਿਆ ਵਿੱਚ ਅਸਥਾਈ ਤਬਦੀਲੀਆਂ ਵਿੱਚ ਇਹ ਸ਼ਾਮਲ ਹੋ ਸਕਦੀਆਂ ਹਨ:

**5.11.2.1** ਮਰੀਜ਼ਾਂ ਨੂੰ ਮੁਢਲੀ ਵਿੱਤੀ ਜਾਣਕਾਰੀ (ਜਿਵੇਂ ਕਿ ਆਮਦਨ, ਜੇ ਕੋਈ ਹੋਵੇ, ਅਤੇ ਸਰੋਤ) ਪ੍ਰਦਾਨ ਕਰਨ ਅਤੇ ਇਸਦੀ ਵੈਧਤਾ ਦੀ ਤਸਦੀਕ ਕਰਨ ਦੀ ਇਜਾਜ਼ਤ ਦੇਣਾ ਜਦੋਂ (1) ਉਹਨਾਂ ਦੀ ਵਿੱਤੀ ਸਥਿਤੀ ਦੀ ਬਾਹਰੀ ਡੇਟਾ ਸਰੋਤਾਂ ਦੀ ਵਰਤੋਂ ਕਰਕੇ ਪੁਸ਼ਟੀ ਨਹੀਂ ਕੀਤੀ ਜਾ ਸਕਦੀ, (2) ਘਟਨਾ ਕਾਰਨ ਬੇਨਤੀ ਕੀਤੀ ਵਿੱਤੀ ਜਾਣਕਾਰੀ ਕਾਰਨ ਉਪਲਬਧ ਨਹੀਂ ਹੈ ਅਤੇ (3) ਕੋਈ ਹੋਰ ਸਬੂਤ ਮੌਜੂਦ ਨਹੀਂ ਹੈ ਜੋ ਯੋਗਤਾ ਸਾਬਤ ਕਰ ਸਕਦਾ ਹੋਵੇ।

**5.11.2.2** ਘਰੇਲੂ ਆਮਦਨ ਨੂੰ ਨਿਰਧਾਰਿਤ ਕਰਦੇ ਸਮੇਂ ਘਟਨਾ ਦੇ ਕਾਰਨ ਮਜ਼ਦੂਰੀ/ਰੁਜ਼ਗਾਰ ਦੇ ਭਵਿੱਖੀ ਨੁਕਸਾਨ ਦੇ ਪ੍ਰਭਾਵ ਨੂੰ ਧਿਆਨ ਵਿੱਚ ਰੱਖਣਾ।

**5.11.3 ਜਨਤਾ ਲਈ ਉਪਲਬਧ ਜਾਣਕਾਰੀ।** ਅਸਥਾਈ MFA ਪ੍ਰੋਗਰਾਮ ਤਬਦੀਲੀਆਂ ਦਾ ਵਰਣਨ ਕਰਨ ਵਾਲੀ ਜਾਣਕਾਰੀ MFA ਪ੍ਰੋਗਰਾਮ ਦੇ ਵੈੱਬ ਪੇਜ ਅਤੇ ਪ੍ਰਭਾਵਿਤ ਖੇਤਰਾਂ ਵਿੱਚ KP ਸਹੂਲਤਾਂ 'ਤੇ ਜਨਤਾ ਲਈ ਉਪਲਬਧ ਕਰਵਾਈ ਜਾਂਦੀ ਹੈ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

## 6.0 ਅੰਤਿਕਾ/ਹਵਾਲੇ

### 6.1 ਅੰਤਿਕਾ

**6.1.1** ਅੰਤਿਕਾ A – ਸ਼ਬਦਾਂ ਦੀ ਸ਼ਬਦਾਵਲੀ

### 6.2 ਅਟੈਚਮੈਂਟਾਂ

**6.2.1** ਅਟੈਚਮੈਂਟ 1 – Kaiser Permanente Colorado ਲਈ ਅਨੁਲੱਗ

**6.2.2** ਅਟੈਚਮੈਂਟ 2 – Kaiser Permanente Georgia ਲਈ ਅਨੁਲੱਗ

**6.2.3** ਅਟੈਚਮੈਂਟ 3 – Kaiser Permanente Hawaii ਲਈ ਅਨੁਲੱਗ

**6.2.4** ਅਟੈਚਮੈਂਟ 4 – Kaiser Permanente Mid-Atlantic ਰਾਜਾਂ ਲਈ ਅਨੁਲੱਗ

**6.2.5** ਅਟੈਚਮੈਂਟ 5 – Kaiser Permanente Northern California ਲਈ ਅਨੁਲੱਗ

**6.2.6** ਅਟੈਚਮੈਂਟ 6 – Kaiser Permanente Northwest ਲਈ ਅਨੁਲੱਗ

**6.2.7** ਅਟੈਚਮੈਂਟ 7 – Kaiser Permanente Southern California ਲਈ ਅਨੁਲੱਗ

**6.2.8** ਅਟੈਚਮੈਂਟ 8 – Kaiser Permanente Washington ਲਈ ਅਨੁਲੱਗ

### 6.3 ਹਵਾਲੇ

**6.3.1** ਮਰੀਜ਼ ਸੁਰੱਖਿਆ ਅਤੇ ਕਿਫਾਇਤੀ ਦੇਖਭਾਲ ਐਕਟ, ਜਨਤਕ ਕਾਨੂੰਨ 111-148 (124 Stat. 119 (2010))

**6.3.2** ਸੰਘੀ ਰਜਿਸਟਰ ਅਤੇ ਸਾਲਾਨਾ ਸੰਘੀ ਗਰੀਬੀ ਲਈ ਹਿਦਾਇਤਾਂ

**6.3.3** ਅੰਦਰੂਨੀ ਮਾਲ ਸੇਵਾ ਪ੍ਰਕਾਸ਼ਨ, 2014 ਅਨੁਸੂਚੀ H (ਫਾਰਮ 990) ਲਈ ਨਿਰਦੇਸ਼

**6.3.4** ਅੰਦਰੂਨੀ ਮਾਲ ਸੇਵਾ ਲਈ ਨੋਟਿਸ 2010-39

**6.3.5** ਅੰਦਰੂਨੀ ਮਾਲ ਸੇਵਾ ਕੋਡ, 26 CFR ਭਾਗ 1, 53, ਅਤੇ 602, RIN 1545-BK57; RIN 1545-BL30; RIN 1545-BL58 – ਚੈਰੀਟੇਬਲ ਹਸਪਤਾਲਾਂ ਲਈ ਵਧੀਕ ਲੋੜਾਂ

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**6.3.6** ਕੈਲੀਫੋਰਨੀਆ ਹਸਪਤਾਲ ਐਸੋਸੀਏਸ਼ਨ – ਹਸਪਤਾਲ ਦੀਆਂ ਵਿੱਤੀ ਸਹਾਇਤਾ ਲਈ ਨੀਤੀਆਂ ਅਤੇ ਭਾਈਚਾਰਕ ਲਾਭ ਕਾਨੂੰਨ, 2015 ਸੰਸਕਰਣ

**6.3.7** ਸੰਯੁਕਤ ਰਾਜ ਦੀ ਕੈਥੋਲਿਕ ਹੈਲਥ ਐਸੋਸੀਏਸ਼ਨ – ਯੋਜਨਾਬੰਦੀ ਅਤੇ ਰਿਪੋਰਟਿੰਗ ਭਾਈਚਾਰਕ ਲਾਭ ਲਈ ਇੱਕ ਗਾਈਡ, 2012 ਸੰਸਕਰਣ

**6.3.8** ਪ੍ਰਦਾਤਾ ਸੂਚੀਆਂ। ਪ੍ਰਦਾਤਾ ਸੂਚੀਆਂ KFHP/H ਵੈੱਬਸਾਈਟਾਂ 'ਤੇ ਉਪਲਬਧ ਹਨ ਜੋ ਇਹਨਾਂ ਲਈ ਹਨ:

**6.3.8.1** Hawaii ਦਾ Kaiser Permanente (www.kp.org/mfa/hawaii)

**6.3.8.2** Northwest ਦਾ Kaiser Permanente (www.kp.org/mfa/nw)

**6.3.8.3** Northern California ਦਾ Kaiser Permanente (www.kp.org/mfa/ncal)

**6.3.8.4** Southern California ਦਾ Kaiser Permanente (www.kp.org/mfa/scal)

**6.3.8.5** Washington ਦਾ Kaiser Permanente (www.kp.org/mfa/wa)

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

## ਅੰਤਿਕਾ A – ਸ਼ਬਦਾਂ ਦੀ ਸ਼ਬਦਾਵਲੀ

**ਭਾਈਚਾਰਕ MFA (CMFA) –** ਯੋਜਨਾਬੱਧ ਮੈਡੀਕਲ ਵਿੱਤੀ ਸਹਾਇਤਾ ਪ੍ਰੋਗਰਾਮ ਜੋ KP ਵਿਖੇ ਘੱਟ ਆਮਦਨੀ ਵਾਲੇ ਬੀਮਾ-ਰਹਿਤ ਅਤੇ ਘੱਟ ਬੀਮੇ ਵਾਲੇ ਮਰੀਜ਼ਾਂ ਨੂੰ ਮੈਡੀਕਲ ਤੌਰ 'ਤੇ ਲੋੜੀਂਦੀ ਦੇਖਭਾਲ ਤੱਕ ਪਹੁੰਚ ਪ੍ਰਦਾਨ ਕਰਨ ਲਈ ਭਾਈਚਾਰਕ ਆਧਾਰਿਤ ਅਤੇ ਸੁਰੱਖਿਆ ਪ੍ਰਦਾਨ ਕਰਨ ਵਾਲੀਆਂ ਜਾਲ ਸੰਸਥਾਵਾਂ ਨਾਲ ਸਹਿਯੋਗੀ ਵਜੋਂ ਕੰਮ ਕਰਦੇ ਹਨ।

**ਕਰਜ਼ਾ ਵਸੂਲਣ ਵਾਲੀ ਏਜੰਸੀ –** ਇਹ ਇੱਕ ਵਿਅਕਤੀ ਜਾਂ ਸੰਸਥਾ ਹੁੰਦੀ ਹੈ ਜੋ, ਸਿੱਧੀ ਜਾਂ ਅਸਿੱਧੀ ਕਾਰਵਾਈ ਦੁਆਰਾ, ਕਿਸੇ ਕਰਜ਼ਦਾਤੇ ਜਾਂ ਕਰਜ਼ੇ ਦੇ ਖਰੀਦਦਾਰ ਨੂੰ ਕਰਜ਼ਾ, ਜਾਂ ਕਥਿਤ ਤੌਰ 'ਤੇ ਬਕਾਇਆ ਕਰਜ਼ਾ ਵਸੂਲਣ ਦੀ ਕੋਸ਼ਿਸ਼ ਕਰਦੀ ਹੈ ਜਾਂ ਵਸੂਲਣ ਲਈ ਕੰਮ ਕਰਦੀ ਹੈ।

**ਹੰਢਣਯੋਗ ਮੈਡੀਕਲ ਉਪਕਰਣ (DME) –** ਇਸ ਵਿੱਚ ਸ਼ਾਮਲ ਹਨ: ਮਿਆਰੀ ਖੂੰਡੀਆਂ, ਬੈਸਾਖੀਆਂ, ਨੈਬੂਲਾਈਜ਼ਰ, ਲੋੜੀਂਦੀ ਲਾਭਦਾਇਕ ਸਪਲਾਈ, ਘਰ ਵਿੱਚ ਵਰਤਣ ਲਈ ਦਰਵਾਜ਼ੇ 'ਤੇ ਟ੍ਰੈਕਸ਼ਨ ਯੂਨਿਟ, ਵ੍ਹੀਲਚੇਅਰ, ਸਿਕੰਝੇ, ਹਸਪਤਾਲ ਬੈੱਡ, ਅਤੇ DME ਮਾਪਦੰਡ ਦੁਆਰਾ ਦਰਸਾਏ ਅਨੁਸਾਰ ਘਰ ਵਿੱਚ ਵਰਤੋਂ ਲਈ ਆਕਸੀਜਨ, ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ। DME ਵਿੱਚ ਆਰਥੋਟਿਕਸ, ਪ੍ਰੋਸਥੇਟਿਕਸ (ਉਦਾਹਰਨ ਲਈ, ਡਾਈਨੈਮਿਕ ਸਪਲਿੰਟ/ਆਰਥੋਜ਼, ਅਤੇ ਬਨੌਟੀ ਲੈਰੀਨਕਸ ਅਤੇ ਸਪਲਾਈ) ਅਤੇ ਬਿਨਾਂ ਤਜਵੀਜ਼ ਕੀਤੀਆਂ ਸਪਲਾਈਆਂ ਅਤੇ ਨਰਮ ਵਸਤੂਆਂ (ਉਦਾਹਰਨ ਲਈ, ਯੂਰੋਲੋਜੀਕਲ ਸਪਲਾਈ ਅਤੇ ਜ਼ਖ਼ਮਾਂ ਸੰਬੰਧੀ ਸਪਲਾਈ) ਸ਼ਾਮਲ ਨਹੀਂ ਹਨ।

**ਯੋਗ ਮਰੀਜ਼ –** ਇੱਕ ਅਜਿਹਾ ਵਿਅਕਤੀ ਜੋ ਇਸ ਪਾਲਿਸੀ ਵਿੱਚ ਦਰਸਾਏ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਦਾ ਹੋਵੇ, ਭਾਵੇਂ ਮਰੀਜ਼ (1) ਬੀਮਾ-ਰਹਿਤ ਹੈ; (2) ਇੱਕ ਜਨਤਕ ਪ੍ਰੋਗਰਾਮ ਦੁਆਰਾ ਕਵਰੇਜ ਪ੍ਰਾਪਤ ਕਰਦਾ ਹੈ (ਉਦਾਹਰਨ ਲਈ, Medicare, Medicaid, ਜਾਂ ਸਿਹਤ ਬੀਮਾ ਐਕਸਚੇਂਜ ਦੁਆਰਾ ਖਰੀਦੀ ਗਈ ਸਬਸਿਡੀ ਵਾਲੀ ਸਿਹਤ ਦੇਖਭਾਲ ਸੰਬੰਧੀ ਕਵਰੇਜ); (3) KFHP ਤੋਂ ਇਲਾਵਾ ਕਿਸੇ ਹੋਰ ਸਿਹਤ ਯੋਜਨਾ ਦੁਆਰਾ ਬੀਮਿਤ ਹੋਵੇ; ਜਾਂ (4) KFHP ਦੁਆਰਾ ਕਵਰ ਕੀਤਾ ਗਿਆ ਹੋਵੇ।

**ਬਾਹਰੀ ਡੇਟਾ ਸਰੋਤ –** ਤੀਜੀ-ਧਿਰ ਦੇ ਵਿਕਰੇਤਾ ਮਰੀਜ਼ ਦੀ ਨਿੱਜੀ ਜਾਣਕਾਰੀ ਨੂੰ ਜਨਤਕ ਰਿਕਾਰਡ ਡੇਟਾਬੇਸ ਦੇ ਅਧਾਰ 'ਤੇ ਇੱਕ ਮਾਡਲ ਦੀ ਵਰਤੋਂ ਕਰਕੇ ਵਿੱਤੀ ਲੋੜ ਦਾ ਮੁਲਾਂਕਣ ਕਰਨ ਲਈ ਸਮੀਖਿਆ ਕਰਨ ਵਾਸਤੇ ਵਰਤਦੇ ਹਨ ਜੋ ਮਰੀਜ਼ ਦੀ ਵਿੱਤੀ ਸਮਰੱਥਾ ਦੇ ਸਕੋਰ ਦੀ ਗਣਨਾ ਕਰਨ ਲਈ ਸਮਾਨ ਮਾਪਦੰਡਾਂ ਦੇ ਅਧਾਰ 'ਤੇ ਹਰੇਕ ਮਰੀਜ਼ ਦਾ ਮੁਲਾਂਕਣ ਕਰਦਾ ਹੈ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**ਸੰਘੀ ਗਰੀਬੀ ਲਈ ਹਿਦਾਇਤਾਂ (FPG) –** ਗਰੀਬੀ ਲਈ ਸਾਲਾਨਾ ਆਮਦਨੀ ਪੱਧਰ ਜੋ ਸੰਯੁਕਤ ਰਾਜ ਦੇ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੁਆਰਾ ਨਿਰਧਾਰਿਤ ਕੀਤੇ ਗਏ ਹਨ ਅਤੇ ਸੰਘੀ ਰਜਿਸਟਰ ਵਿੱਚ ਹਰ ਸਾਲ ਅੱਪਡੇਟ ਕੀਤੇ ਜਾਂਦੇ ਹਨ।

**ਵਿੱਤੀ ਸਲਾਹ-ਮਸ਼ਵਰਾ –** KP ਸਹੂਲਤਾਂ ਵਿੱਚ ਪ੍ਰਦਾਨ ਕੀਤੀਆਂ ਸੇਵਾਵਾਂ ਲਈ ਭੁਗਤਾਨ ਕਰਨ ਲਈ ਉਪਲਬਧ ਵੱਖ-ਵੱਖ ਵਿੱਤੀ ਅਤੇ ਸਿਹਤ ਕਵਰੇਜ ਵਿਕਲਪਾਂ ਦੀ ਪੜਚੋਲ ਕਰਨ ਵਿੱਚ ਮਰੀਜ਼ਾਂ ਦੀ ਸਹਾਇਤਾ ਕਰਨ ਲਈ ਵਰਤੀ ਜਾਂਦੀ ਪ੍ਰਕਿਰਿਆ। ਉਹ ਮਰੀਜ਼ ਜੋ ਵਿੱਤੀ ਸਲਾਹ ਦੀ ਮੰਗ ਕਰ ਸਕਦੇ ਹਨ, ਉਹਨਾਂ ਵਿੱਚ ਸਵੈ-ਭੁਗਤਾਨ, ਬੀਮਾ-ਰਹਿਤ, ਘੱਟ ਬੀਮੇ ਵਾਲੇ, ਅਤੇ ਉਹ ਲੋਕ ਜਿਨ੍ਹਾਂ ਨੇ ਪੂਰੀ ਮਰੀਜ਼ ਦੇਣਦਾਰੀ ਦਾ ਭੁਗਤਾਨ ਕਰਨ ਵਿੱਚ ਅਸਮਰੱਥਾ ਪ੍ਰਗਟ ਕੀਤੀ ਹੈ ਸ਼ਾਮਲ ਹਨ, ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ।

**ਬੇਘਰ –** ਕਿਸੇ ਵਿਅਕਤੀ ਦੀ ਰਹਿਣ ਦੀ ਅਜਿਹੀ ਸਥਿਤੀ ਜਿਸ ਦਾ ਵਰਣਨ ਹੇਠਾਂ ਦਿੱਤਾ ਗਿਆ ਹੈ:

- ਅਜਿਹੇ ਸਥਾਨਾਂ ਵਿੱਚ ਰਹਿਣਾ ਜੋ ਮਨੁੱਖੀ ਨਿਵਾਸ ਲਈ ਨਹੀਂ ਹਨ, ਜਿਵੇਂ ਕਿ ਕਾਰਾਂ, ਪਾਰਕਾਂ, ਫੁੱਟਪਾਥ, ਖੰਡਰ ਇਮਾਰਤਾਂ (ਸੜਕ 'ਤੇ)।
- ਐਮਰਜੈਂਸੀ ਪਨਾਹ ਵਿੱਚ।
- ਬੇਘਰ ਵਿਅਕਤੀਆਂ ਲਈ ਅਸਥਾਈ ਜਾਂ ਸਹਾਇਕ ਰਿਹਾਇਸ਼ ਵਿੱਚ ਜੋ ਅਸਲ ਵਿੱਚ ਗਲੀਆਂ ਜਾਂ ਐਮਰਜੈਂਸੀ ਪਨਾਹਾਂ ਤੋਂ ਆਏ ਹੁੰਦੇ ਹਨ।
- ਜੋ ਉਪਰੋਕਤ ਸਥਾਨਾਂ ਵਿੱਚੋਂ ਕਿਸੇ ਵਿੱਚ ਪਰ ਕਿਸੇ ਹਸਪਤਾਲ ਜਾਂ ਹੋਰ ਸੰਸਥਾ ਵਿੱਚ ਥੋੜ੍ਹਾ ਸਮਾਂ (ਲਗਾਤਾਰ 30 ਦਿਨਾਂ ਤੱਕ) ਬਿਤਾ ਰਿਹਾ ਹੋਵੇ।
- ਜੋ ਇੱਕ ਨਿੱਜੀ ਤੌਰ 'ਤੇ ਵਸਾਈ ਰਿਹਾਇਸ਼ੀ ਯੂਨਿਟ ਤੋਂ ਇੱਕ ਹਫ਼ਤੇ ਦੇ ਅੰਦਰ ਬੇਦਖਲ ਕੀਤਾ ਜਾ ਰਿਹਾ ਹੋਵੇ ਜਾਂ ਘਰੇਲੂ ਹਿੰਸਾ ਦੀ ਸਥਿਤੀ ਤੋਂ ਬਚ ਰਿਹਾ ਹੋਵੇ ਜਿਸ ਕੋਲ ਬਾਅਦ ਵਿੱਚ ਕੋਈ ਰਿਹਾਇਸ਼ੀ ਜਗ੍ਹਾ ਦੀ ਪੁਸ਼ਟੀ ਨਾ ਕੀਤੀ ਗਈ ਹੋਵੇ ਅਤੇ ਵਿਅਕਤੀ ਕੋਲ ਰਿਹਾਇਸ਼ ਪ੍ਰਾਪਤ ਕਰਨ ਲਈ ਲੋੜੀਂਦੇ ਸਰੋਤਾਂ ਅਤੇ ਸਹਾਇਤਾ ਨੈੱਟਵਰਕਾਂ ਦੀ ਘਾਟ ਹੋਵੇ।
- ਜੋ ਕਿਸੇ ਸੰਸਥਾ ਤੋਂ ਇੱਕ ਹਫ਼ਤੇ ਦੇ ਅੰਦਰ ਡਿਸਚਾਰਜ ਕੀਤਾ ਜਾ ਰਿਹਾ ਹੋਵੇ, ਜਿਵੇਂ ਕਿ ਮਾਨਸਿਕ ਸਿਹਤ ਜਾਂ ਨਸ਼ਿਆਂ ਦੀ ਆਦਤ ਦੇ ਇਲਾਜ ਦੀ ਸਹੂਲਤ ਤੋਂ ਜਿਸ ਵਿੱਚ ਵਿਅਕਤੀ ਲਗਾਤਾਰ 30 ਦਿਨਾਂ ਤੋਂ ਵੱਧ ਸਮੇਂ ਲਈ ਰਿਹਾ ਹੋਵੇ ਅਤੇ ਉਸ ਤੋਂ ਬਾਅਦ ਉਸ ਕੋਲ ਕਿਸੇ ਰਿਹਾਇਸ਼ੀ ਸਥਾਨ ਦੀ ਪੁਸ਼ਟੀ ਨਾ ਕੀਤੀ ਗਈ ਹੋਵੇ ਅਤੇ ਵਿਅਕਤੀ ਕੋਲ ਘਰ ਹਾਸਿਲ ਕਰਨ ਲਈ ਲੋੜੀਂਦੇ ਵਿੱਤੀ ਸਰੋਤਾਂ ਅਤੇ ਸਮਾਜਿਕ ਸਹਾਇਤਾ ਦੀ ਘਾਟ ਹੋਵੇ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**KP –** Kaiser Foundation Hospitals ਅਤੇ ਮਾਨਤਾ ਪ੍ਰਾਪਤ-ਹਸਪਤਾਲ ਦੇ ਕਲੀਨਿਕ, Kaiser Foundation Health Plans, Permanente Medical Groups, ਅਤੇ ਉਹਨਾਂ ਦੀਆਂ ਸਬੰਧਤ ਸਹਾਇਕ ਕੰਪਨੀਆਂ ਸ਼ਾਮਲ ਹਨ, Kaiser Permanente Insurance Company (KPIC) ਨੂੰ ਛੱਡ ਕੇ।

**KP ਸਹੂਲਤਾਂ –** ਕੋਈ ਵੀ ਜਮੀਨੀ ਇਮਾਰਤ, ਕਿਸੇ ਇਮਾਰਤ ਦੇ ਅੰਦਰੂਨੀ ਅਤੇ ਬਾਹਰਲੇ ਹਿੱਸੇ ਸਮੇਤ, KP ਦੀ ਮਾਲਕੀ ਵਾਲੀ, ਜਾਂ KP ਦੁਆਰਾ ਕਿਰਾਏ 'ਤੇ ਲਈ ਗਈ ਜਿੱਥੇ KP ਵੱਲੋਂ ਕਾਰੋਬਾਰੀ ਕਾਰਵਾਈਆਂ ਦਾ ਸੰਚਾਲਨ ਕੀਤਾ ਜਾਂਦਾ ਹੈ, ਸਮੇਤ ਜਿੱਥੇ ਮਰੀਜ਼ ਨੂੰ ਦੇਖਭਾਲ ਪ੍ਰਦਾਨ ਕੀਤੀ ਜਾਂਦੀ ਹੈ (ਉਦਾਹਰਨ ਲਈ, ਇੱਕ ਇਮਾਰਤ, ਜਾਂ ਇੱਕ KP ਫਲੋਰ, ਯੂਨਿਟ, ਜਾਂ ਗੈਰ-KP ਇਮਾਰਤ ਦਾ ਹੋਰ ਅੰਦਰੂਨੀ ਜਾਂ ਬਾਹਰੀ ਖੇਤਰ)।

**ਟੈਸਟ ਕੀਤੇ ਸਾਧਨ –** ਇੱਕ ਅਜਿਹੀ ਵਿਧੀ ਜਿਸ ਦੁਆਰਾ ਮਰੀਜ਼ ਦੁਆਰਾ ਪ੍ਰਦਾਨ ਕੀਤੀ ਗਏ ਬਾਹਰੀ ਡੇਟਾ ਸਰੋਤ ਜਾਂ ਜਾਣਕਾਰੀ ਦੀ ਵਰਤੋਂ ਜਨਤਕ ਕਵਰੇਜ ਪ੍ਰੋਗਰਾਮ ਜਾਂ MFA ਲਈ ਯੋਗਤਾ ਨਿਰਧਾਰਿਤ ਕਰਨ ਲਈ ਕੀਤੀ ਜਾਂਦੀ ਹੈ, ਜੋ ਇਸ ਅਧਾਰ 'ਤੇ ਹੁੰਦੀ ਹੈ ਕਿ ਕੀ ਵਿਅਕਤੀ ਦੀ ਘਰੇਲੂ ਆਮਦਨੀ ਇੱਕ ਨਿਸ਼ਚਿਤ ਪ੍ਰਤੀਸ਼ਤ ਤੋਂ ਵੱਧ ਹੈ ਜਾਂ ਨਹੀਂ।

**ਮੈਡੀਕਲ ਵਿੱਤੀ ਸਹਾਇਤਾ (MFA) –** ਇੱਕ ਅਜਿਹਾ ਪ੍ਰੋਗਰਾਮ ਜੋ ਉਹਨਾਂ ਯੋਗ ਮਰੀਜ਼ਾਂ ਲਈ ਮੈਡੀਕਲ ਲਾਗਤਾਂ ਦਾ ਭੁਗਤਾਨ ਕਰਨ ਲਈ ਅਵਾਰਡ ਪ੍ਰਦਾਨ ਕਰਦਾ ਹੈ ਜੋ ਆਪਣੀਆਂ ਮੈਡੀਕਲ ਤੌਰ 'ਤੇ ਲੋੜੀਂਦੀਆਂ ਸੇਵਾਵਾਂ, ਉਤਪਾਦਾਂ, ਜਾਂ ਦਵਾਈਆਂ ਦੇ ਸਾਰੇ ਜਾਂ ਕੁਝ ਹਿੱਸੇ ਲਈ ਭੁਗਤਾਨ ਕਰਨ ਵਿੱਚ ਅਸਮਰੱਥ ਹੁੰਦੇ ਹਨ, ਅਤੇ ਜਿਹਨਾਂ ਦੇ ਜਨਤਕ ਅਤੇ ਨਿੱਜੀ ਭੁਗਤਾਨ ਕਰਤਾ ਸਰੋਤ ਸਹਾਇਤਾ ਪ੍ਰਦਾਨ ਕਰਨੀ ਬੰਦ ਕਰ ਚੁੱਕੇ ਹੁੰਦੇ ਹਨ। ਮਰੀਜ਼ਾਂ ਦੀ ਦੇਖਭਾਲ ਦੀ ਕੁਝ ਜਾਂ ਸਾਰੀ ਲਾਗਤ ਦਾ ਭੁਗਤਾਨ ਕਰਨ ਲਈ ਵਿਅਕਤੀਆਂ ਨੂੰ ਸਹਾਇਤਾ ਲਈ ਪ੍ਰੋਗਰਾਮ ਦੇ ਮਾਪਦੰਡਾਂ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ।

**ਮੈਡੀਕਲ ਸਪਲਾਈਆਂ –** ਦੁਬਾਰਾ ਨਾ-ਵਰਤੋਂ ਯੋਗ ਮੈਡੀਕਲ ਸਮੱਗਰੀਆਂ ਜਿਵੇਂ ਕਿ ਸਪਲਿੰਟਾਂ, ਸਲਿੰਗਾਂ, ਜ਼ਖ਼ਮ ਦੀਆਂ ਡਰੈਸਿੰਗਾਂ, ਅਤੇ ਪੱਟੀਆਂ ਜੋ ਮੈਡੀਕਲ ਤੌਰ 'ਤੇ ਲੋੜੀਂਦੀ ਸੇਵਾ ਪ੍ਰਦਾਨ ਕਰਦੇ ਸਮੇਂ ਲਾਇਸੰਸਸ਼ੁਦਾ ਸਿਹਤ ਦੇਖਭਾਲ ਪ੍ਰਦਾਤਾ ਦੁਆਰਾ ਵਰਤੀਆਂ ਜਾਂਦੀਆਂ ਹਨ, ਅਤੇ ਉਹਨਾਂ ਸਮੱਗਰੀਆਂ ਨੂੰ ਛੱਡ ਕੇ ਜੋ ਮਰੀਜ਼ ਦੁਆਰਾ ਕਿਸੇ ਹੋਰ ਸਰੋਤ ਤੋਂ ਖਰੀਦੀਆਂ ਜਾਂ ਪ੍ਰਾਪਤ ਕੀਤੀਆਂ ਗਈਆਂ ਹਨ।

**ਮਰੀਜ਼ ਦੀ ਲਾਗਤ –** KP ਸਹੂਲਤਾਂ (ਉਦਾਹਰਨ ਲਈ, ਹਸਪਤਾਲ, ਹਸਪਤਾਲ-ਸੰਬੰਧੀ ਕਲੀਨਿਕ, ਮੈਡੀਕਲ ਸੈਂਟਰ, ਮੈਡੀਕਲ ਦਫ਼ਤਰ ਦੀਆਂ ਇਮਾਰਤਾਂ ਅਤੇ ਬਾਹਰੀ-ਮਰੀਜ਼ ਸੰਬੰਧੀ ਫਾਰਮੇਸੀਆਂ) ਤੋਂ ਪ੍ਰਾਪਤ ਦੇਖਭਾਲ ਲਈ ਮਰੀਜ਼ ਦੇ ਬਿਲ ਵਿੱਚ ਜੋੜੇ ਗਏ ਖਰਚਿਆਂ ਦਾ ਹਿੱਸਾ ਜੋ ਬੀਮੇ ਜਾਂ ਜਨਤਕ ਤੌਰ 'ਤੇ ਫੰਡ ਪ੍ਰਾਪਤ ਸਿਹਤ ਦੇਖਭਾਲ ਪ੍ਰੋਗਰਾਮ ਦੁਆਰਾ ਵਾਪਸ ਨਹੀਂ ਕੀਤੇ ਜਾਂਦਾ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**ਫਾਰਮੇਸੀ ਛੋਟ –** ਇਹ ਘੱਟ ਆਮਦਨੀ ਵਾਲੇ KP ਸੀਨੀਅਰ ਐਡਵਾਂਟੇਜ Medicare ਭਾਗ D ਦੇ ਮੈਂਬਰਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ ਜੋ Medicare ਭਾਗ D ਦੇ ਅਧੀਨ ਕਵਰ ਕੀਤੇ ਗਏ ਬਾਹਰੀ-ਮਰੀਜ਼ਾਂ ਨੂੰ ਤਜਵੀਜ਼ ਕੀਤੀਆਂ ਦਵਾਈਆਂ ਲਈ ਆਪਣੀ ਲਾਗਤ ਦੇ ਹਿੱਸੇ ਨੂੰ ਚੁੱਕਣ ਵਿੱਚ ਅਸਮਰੱਥ ਹਨ।

**ਸੁਰੱਖਿਆ ਜਾਲ –** ਗੈਰ-ਵਪਾਰਕ ਸੰਸਥਾਵਾਂ ਅਤੇ/ਜਾਂ ਸਰਕਾਰੀ ਏਜੰਸੀਆਂ ਦੀ ਇੱਕ ਪ੍ਰਣਾਲੀ ਜੋ ਕਿਸੇ ਭਾਈਚਾਰਕ ਸੈਟਿੰਗ ਵਿੱਚ ਜਿਵੇਂ ਕਿ ਇੱਕ ਜਨਤਕ ਹਸਪਤਾਲ, ਭਾਈਚਾਰਕ ਕਲੀਨਿਕ, ਚਰਚ, ਬੇਘਰਿਆਂ ਲਈ ਸਰਾਏ, ਮੋਬਾਈਲ ਹੈਲਥ ਯੂਨਿਟ ਸਕੂਲ ਆਦਿ ਵਿੱਚ ਬੀਮਾ-ਰਹਿਤ ਜਾਂ ਘੱਟ ਵਸੀਲਿਆਂ ਵਾਲੇ ਲੋਕਾਂ ਨੂੰ ਸਿੱਧੀ ਮੈਡੀਕਲ ਦੇਖਭਾਲ ਸੇਵਾਵਾਂ ਪ੍ਰਦਾਨ ਕਰਦੀ ਹੈ।

**ਘੱਟ ਬੀਮਾ –** ਇੱਕ ਅਜਿਹਾ ਵਿਅਕਤੀ, ਜਿਸ ਕੋਲ ਸਿਹਤ ਦੇਖਭਾਲ ਕਵਰੇਜ ਹੋਣ ਦੇ ਬਾਵਜੂਦ, ਇਹ ਪਾਇਆ ਜਾਂਦਾ ਹੈ ਕਿ ਬੀਮੇ ਦੀਆਂ ਕਿਸ਼ਤਾਂ, ਸਹਿ-ਭੁਗਤਾਨਾਂ, ਸਹਿ-ਬੀਮਾ ਅਤੇ ਕਟੌਤੀਆਂ ਦਾ ਭੁਗਤਾਨ ਕਰਨ ਦੀ ਜ਼ਿੰਮੇਵਾਰੀ ਦਾ ਇੰਨਾ ਵੱਡਾ ਵਿੱਤੀ ਬੋਝ ਹੈ ਕਿ ਮਰੀਜ਼ ਨੂੰ ਜੇਬ ਵਿੱਚੋਂ ਹੋਣ ਵਾਲੇ ਖਰਚਿਆਂ ਕਾਰਨ ਲੋੜੀਂਦੀਆਂ ਸਿਹਤ ਦੇਖਭਾਲ ਸੇਵਾਵਾਂ ਪ੍ਰਾਪਤ ਕਰਨ ਵਿੱਚ ਦੇਰੀ ਹੁੰਦੀ ਹੈ ਜਾਂ ਨਹੀਂ ਮਿਲਦੀਆਂ।

**ਬੀਮਾ-ਰਹਿਤ –** ਇੱਕ ਅਜਿਹਾ ਵਿਅਕਤੀ ਜਿਸ ਕੋਲ ਸਿਹਤ ਸੰਭਾਲ ਸੇਵਾਵਾਂ ਲਈ ਭੁਗਤਾਨ ਕਰਨ ਵਿੱਚ ਸਹਾਇਤਾ ਲਈ ਸਿਹਤ ਦੇਖਭਾਲ ਬੀਮਾ ਜਾਂ ਸੰਘੀ- ਜਾਂ ਰਾਜ ਵੱਲੋਂ ਪ੍ਰਦਾਨ ਕੀਤੀ ਜਾਣ ਵਾਲੀ ਵਿੱਤੀ ਸਹਾਇਤਾ ਨਹੀਂ ਹੈ।

**ਕਮਜ਼ੋਰ ਜਨਸੰਖਿਆ –** ਇੱਕ ਅਜਿਹਾ ਜਨਸੰਖਿਆ ਸਮੂਹ ਜਿਨ੍ਹਾਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਸਮਾਜਿਕ-ਆਰਥਿਕ ਸਥਿਤੀ, ਬਿਮਾਰੀ, ਨਸਲ, ਉਮਰ, ਜਾਂ ਹੋਰ ਅਯੋਗ ਕਾਰਕਾਂ ਕਾਰਨ ਆਮ ਆਬਾਦੀ ਨਾਲੋਂ ਵਧੇਰੇ ਜੋਖਮ ਵਿੱਚ ਮੰਨਿਆ ਜਾਂਦਾ ਹੈ।

**ਬਾਡੀ ਅਟੈਚਮੈਂਟ ਦੀ ਰਿੱਟ –** ਇੱਕ ਅਦਾਲਤ ਦੁਆਰਾ ਸ਼ੁਰੂ ਕੀਤੀ ਗਈ ਇੱਕ ਅਜਿਹੀ ਪ੍ਰਕਿਰਿਆ ਜਿਸ ਵਿੱਚ ਅਧਿਕਾਰੀਆਂ ਨੂੰ ਕਿਸੇ ਵਿਅਕਤੀ ਨੂੰ ਅਦਾਲਤ ਦੇ ਸਾਹਮਣੇ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਜਾਂਦਾ ਹੈ, ਜੋ ਇੱਕ ਗ੍ਰਿਫਤਾਰੀ ਵਾਰੰਟ ਵਾਂਗ ਹੀ ਹੁੰਦਾ ਹੈ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

| ਪਾਲਿਸੀ ਸਿਰਲੇਖ<br>**ਮੈਡੀਕਲ ਵਿੱਤੀ ਸਹਾਇਤਾ** | ਪਾਲਿਸੀ ਨੰਬਰ<br>**NATL.CB.307** |
|---|---|
| ਜਵਾਬਦੇਹ ਵਿਭਾਗ<br>**ਕੌਮਾਂਤਰੀ ਭਾਈਚਾਰਕ ਸਿਹਤ** | ਲਾਗੂ ਹੋਣ ਦੀ ਮਿਤੀ:<br>**ਜਨਵਰੀ 1, 2024** |
| ਦਸਤਾਵੇਜ਼ ਮਾਲਕ<br>**ਨਿਰਦੇਸ਼ਕ, ਮੈਡੀਕਲ ਵਿੱਤੀ ਸਹਾਇਤਾ** | ਪੰਨਾ<br>**36 ਕੁੱਲ 40** |

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

| ਪਾਲਿਸੀ ਸਿਰਲੇਖ<br>**ਮੈਡੀਕਲ ਵਿੱਤੀ ਸਹਾਇਤਾ** | ਪਾਲਿਸੀ ਨੰਬਰ<br>**NATL.CB.307** |
|---|---|
| ਜਵਾਬਦੇਹ ਵਿਭਾਗ<br>**ਕੌਮਾਂਤਰੀ ਭਾਈਚਾਰਕ ਸਿਹਤ** | ਲਾਗੂ ਹੋਣ ਦੀ ਮਿਤੀ:<br>**ਜਨਵਰੀ 1, 2024** |
| ਦਸਤਾਵੇਜ਼ ਮਾਲਕ<br>**ਨਿਰਦੇਸ਼ਕ, ਮੈਡੀਕਲ ਵਿੱਤੀ ਸਹਾਇਤਾ** | ਪੰਨਾ<br>**37 ਕੁੱਲ 40** |

**ਅਨੁਲੱਗ: Kaiser Permanente Washington**

**ਅਨੁਲੱਗ ਦੇ ਲਾਗੂ ਹੋਣ ਦੀ ਮਿਤੀ: ਜਨਵਰੀ 1, 2024**

**I. Washington ਸਹੂਲਤਾਂ ਦਾ Kaiser Foundation Health Plan** ਇਹ ਨੀਤੀ ਸਾਰੀਆਂ WA ਸਹੂਲਤਾਂ ਦੇ Kaiser Foundation Health Plan (ਉਦਾਹਰਨ ਲਈ, ਹਸਪਤਾਲ, ਹਸਪਤਾਲ-ਸੰਬੰਧੀ ਕਲੀਨਿਕ, ਮੈਡੀਕਲ ਕੇਂਦਰ, ਅਤੇ ਮੈਡੀਕਲ ਦਫਤਰ ਦੀਆਂ ਇਮਾਰਤਾਂ) ਅਤੇ ਬਾਹਰੀ ਮਰੀਜ਼ ਫਾਰਮੇਸੀਆਂ 'ਤੇ ਲਾਗੂ ਹੁੰਦੀ ਹੈ। Washington ਹਸਪਤਾਲਾਂ ਦਾ Kaiser Foundation Health Plan ਜਿਸ ਵਿੱਚ ਇਹ ਸ਼ਾਮਲ ਹਨ:

Kaiser Permanente Central Hospital

**II. ਵਾਧੂ ਸੇਵਾਵਾਂ ਜੋ MFA ਪਾਲਿਸੀ ਦੇ ਅਧੀਨ ਯੋਗ ਅਤੇ ਯੋਗ ਨਹੀਂ ਹੁੰਦੀਆਂ ਹਨ**

a. **ਵਾਧੂ ਯੋਗ ਸੇਵਾਵਾਂ**

i. ਸੁਣਨ ਵਿੱਚ ਸਹਾਇਕ ਉਪਕਰਨ ਮੈਡੀਕਲ ਤੌਰ 'ਤੇ ਜ਼ਰੂਰੀ ਹੋਣ 'ਤੇ ਨਿਰਧਾਰਿਤ ਕੀਤੇ ਜਾਂਦੇ ਹਨ ਅਤੇ ਇੱਕ KP ਪ੍ਰਦਾਤਾ ਦੁਆਰਾ ਆਰਡਰ ਕੀਤੇ ਜਾਂਦੇ ਹਨ ਅਤੇ ਇੱਕ KP ਆਡੀਓਲੋਜੀ/ਹੀਅਰ ਸੈਂਟਰ ਰਾਹੀਂ ਖਰੀਦੇ ਜਾਂਦੇ ਹਨ।

ii. ਐਨਕਾਂ ਸੰਬੰਧੀ ਸਪਲਾਈ ਅਤੇ ਹਾਰਡਵੇਅਰ ਮੈਡੀਕਲ ਤੌਰ 'ਤੇ ਜ਼ਰੂਰੀ ਹੋਣ 'ਤੇ ਨਿਰਧਾਰਿਤ ਕੀਤੇ ਜਾਂਦੇ ਹਨ ਅਤੇ ਇੱਕ KP ਪ੍ਰਦਾਤਾ ਦੁਆਰਾ ਆਰਡਰ ਕੀਤੇ ਜਾਂਦੇ ਹਨ ਅਤੇ ਇੱਕ KP ਆਈ ਕੇਅਰ ਰਾਹੀਂ ਖਰੀਦੇ ਜਾਂਦੇ ਹਨ।

**III. ਜੋ ਪ੍ਰਦਾਤਾ MFA ਪਾਲਿਸੀ ਦੇ ਅਧੀਨ ਹਨ ਅਤੇ ਜੋ ਅਧੀਨ ਨਹੀਂ ਹਨ।** KFH ਸਹੂਲਤਾਂ ਵਿੱਚ ਉਹਨਾਂ ਪ੍ਰਦਾਤਾਵਾਂ ਦੀ ਸੂਚੀ ਜੋ MFA ਨੀਤੀ ਦੇ ਅਧੀਨ ਹਨ ਅਤੇ ਜੋ ਅਧੀਨ ਨਹੀਂ ਹਨ ਜੋ ਆਮ ਲੋਕਾਂ ਲਈ ਬਿਨਾਂ ਕਿਸੇ ਖਰਚੇ, KFHP/H MFA ਵੈੱਬਸਾਈਟ www.kp.org/mfa/wa (ਅੰਗਰੇਜ਼ੀ ਵਿੱਚ) 'ਤੇ ਉਪਲਬਧ ਹਨ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

**IV. ਪ੍ਰੋਗਰਾਮ ਦੀ ਜਾਣਕਾਰੀ ਅਤੇ MFA ਲਈ ਅਰਜ਼ੀ ਦੇਣਾ।** MFA ਪ੍ਰੋਗਰਾਮ ਦੀ ਜਾਣਕਾਰੀ, ਜਿਸ ਵਿੱਚ MFA ਨੀਤੀ ਦੀਆਂ ਕਾਪੀਆਂ, ਅਰਜੀਆਂ ਦੇ ਫਾਰਮ, ਹਦਾਇਤਾਂ, ਅਤੇ ਸਾਦੀ ਭਾਸ਼ਾ ਵਿੱਚ ਸਾਰ (ਉਦਾਹਰਨ ਲਈ, ਪ੍ਰੋਗਰਾਮ ਦਾ ਪਰਚਾ) ਸ਼ਾਮਲ ਹਨ ਜੋ ਆਮ ਲੋਕਾਂ ਲਈ, ਬਿਨਾਂ ਕਿਸੇ ਖਰਚੇ ਦੇ ਇਲੈਕਟ੍ਰਾਨਿਕ ਫਾਰਮੈਟ ਜਾਂ ਹਾਰਡ ਕਾਪੀ ਵਿੱਚ ਉਪਲਬਧ ਹੁੰਦੇ ਹਨ। ਇੱਕ ਮਰੀਜ਼ MFA ਪ੍ਰੋਗਰਾਮ ਲਈ, KFHP/H ਤੋਂ ਪ੍ਰਾਪਤ ਕੀਤੀ ਦੇਖਭਾਲ ਦੇ ਦੌਰਾਨ ਜਾਂ ਇਸਦੀ ਪਾਲਣਾ ਕਰਦੇ ਹੋਏ, ਆਨਲਾਈਨ, ਵਿਅਕਤੀਗਤ ਤੌਰ 'ਤੇ, ਟੈਲੀਫੋਨ ਰਾਹੀਂ, ਜਾਂ ਕਾਗਜ਼ੀ ਅਰਜ਼ੀ ਸਮੇਤ ਕਈ ਢੰਗਾਂ ਨਾਲ ਅਰਜ਼ੀ ਦੇ ਸਕਦਾ ਹੈ। (ਪਾਲਿਸੀ ਦੇ ਸੈਕਸ਼ਨ 5.3 ਅਤੇ 5.4 ਨੂੰ ਵੇਖੋ।)

a. **KFHP/H ਵੈੱਬਸਾਈਟ ਤੋਂ ਆਨਲਾਈਨ ਅਰਜ਼ੀ ਭਰੋ ਅਤੇ ਜਮ੍ਹਾਂ ਕਰੋ।** ਇੱਕ ਮਰੀਜ਼ MFA ਦੀ ਵੈੱਬਸਾਈਟ www.kp.org/mfa/wa. (ਅੰਗਰੇਜੀ ਵਿੱਚ) ’ਤੇ ਇਲੈਕਟ੍ਰਾਨਿਕ ਤੌਰ 'ਤੇ ਅਰਜ਼ੀ ਸੰਬੰਧੀ ਜਾਣਕਾਰੀ ਨੂੰ ਭਰ ਸਕਦਾ ਹੈ ਅਤੇ ਜਮ੍ਹਾਂ ਕਰ ਸਕਦਾ ਹੈ।

b. **KFHP/H ਵੈੱਬਸਾਈਟ ਤੋਂ ਪ੍ਰੋਗਰਾਮ ਦੀ ਜਾਣਕਾਰੀ ਡਾਊਨਲੋਡ ਕਰੋ।** ਪ੍ਰੋਗਰਾਮ ਜਾਣਕਾਰੀ ਦੀਆਂ ਇਲੈਕਟ੍ਰਾਨਿਕ ਕਾਪੀਆਂ MFA ਵੈੱਬਸਾਈਟ www.kp.org/mfa/wa (ਅੰਗਰੇਜ਼ੀ ਵਿੱਚ) 'ਤੇ ਉਪਲਬਧ ਹਨ।

c. **ਇਲੈਕਟ੍ਰੋਨਿਕ ਰੂਪ ਵਿੱਚ ਪ੍ਰਗਰਾਮ ਦੀ ਜਾਣਕਾਰੀ ਲਈ ਬੇਨਤੀ ਕਰੋ।** ਪ੍ਰੋਗਰਾਮ ਜਾਣਕਾਰੀ ਦੀਆਂ ਇਲੈਕਟ੍ਰਾਨਿਕ ਕਾਪੀਆਂ medfinassist@kp.org (ਅੰਗਰੇਜ਼ੀ ਵਿੱਚ) 'ਤੇ ਬੇਨਤੀ ਕਰਨ 'ਤੇ ਈਮੇਲ ਦੁਆਰਾ ਉਪਲਬਧ ਹੋ ਜਾਂਦੀਆਂ ਹਨ।

d. **ਪ੍ਰੋਗਰਾਮ ਜਾਣਕਾਰੀ ਹਾਸਿਲ ਕਰੋ ਜਾਂ ਵਿਅਕਤੀਗਤ ਤੌਰ 'ਤੇ ਅਰਜ਼ੀ ਦਿਓ।** ਪ੍ਰੋਗਰਾਮ ਦੀ ਜਾਣਕਾਰੀ Kaiser Foundation Hospitals ਵਿੱਚ ਦਾਖ਼ਲ ਹੋਣਾ ਅਤੇ ਐਮਰਜੈਂਸੀ ਵਿਭਾਗ ਵਿੱਚ ਉਪਲਬਧ ਹੈ ਜੋ *Kaiser Foundation Hospitals ਦੀ ਸੂਚੀ* ਦੇ ਸੈਕਸ਼ਨ I ਵਿੱਚ ਹੈ। KP ਦੀ ਹਰੇਕ ਜ਼ਰੂਰੀ ਦੇਖਭਾਲ ਸਹੂਲਤ ਵਿਖੇ ਬਿਜ਼ਨਸ ਆਫਿਸ ਵਿੱਚ ਸਟਾਫ਼ ਵੀ ਉਪਲਬਧ ਹੁੰਦਾ ਹੈ। Kaiser Permanente ਦੀ ਹਰੇਕ ਸਹੂਲਤ ਵਿਖੇ ਸਟਾਫ ਬਿਜ਼ਨਸ ਆਫਿਸ ਜਾਂ ਚੈਕ-ਇਨ ਡੈਸਕ 'ਤੇ ਉਪਲਬਧ ਹੁੰਦਾ ਹੈ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

e. **ਪ੍ਰੋਗਰਾਮ ਦੀ ਜਾਣਕਾਰੀ ਲਈ ਬੇਨਤੀ ਕਰੋ ਜਾਂ ਟੈਲੀਫੋਨ ਦੁਆਰਾ ਅਰਜ਼ੀ ਦਿਓ।** ਸਟਾਫ ਜਾਣਕਾਰੀ ਪ੍ਰਦਾਨ ਕਰਨ, MFA ਯੋਗਤਾ ਨਿਰਧਾਰਿਤ ਕਰਨ, ਅਤੇ MFA ਲਈ ਅਰਜ਼ੀ ਦੇਣ ਲਈ ਮਰੀਜ਼ ਦੀ ਸਹਾਇਤਾ ਕਰਨ ਵਾਸਤੇ ਟੈਲੀਫ਼ੋਨ 'ਤੇ ਉਪਲਬਧ ਹੁੰਦੇ ਹਨ। ਸਟਾਫ ਤੱਕ ਸਵੇਰੇ 8:00 ਵਜੇ ਤੋਂ ਸ਼ਾਮ 5:00 ਵਜੇ ਤੱਕ, PST (ਪ੍ਰਸ਼ਾਂਤ ਸਮਾਂ ਖੇਤਰ) ਸਮੇਂ ਅਨੁਸਾਰ ਪਹੁੰਚ ਕੀਤੀ ਜਾ ਸਕਦੀ ਹੈ:

ਟੇਲੀਫੋਨ ਨੰਬਰ: 1-800-442-4014 (TTY **711**)

f. **ਪ੍ਰੋਗਰਾਮ ਜਾਣਕਾਰੀ ਲਈ ਬੇਨਤੀ ਕਰੋ ਜਾਂ ਡਾਕ ਰਾਹੀਂ ਅਰਜ਼ੀ ਦਿਓ।** ਕੋਈ ਮਰੀਜ਼ ਪ੍ਰੋਗਰਾਮ ਦੀ ਜਾਣਕਾਰੀ ਲਈ ਬੇਨਤੀ ਕਰ ਸਕਦਾ ਹੈ ਅਤੇ ਡਾਕ ਦੁਆਰਾ ਇੱਕ MFA ਪ੍ਰੋਗਰਾਮ ਲਈ ਮੁਕੰਮਲ ਅਰਜ਼ੀ ਨੂੰ ਜਮ੍ਹਾਂ ਕਰਕੇ MFA ਲਈ ਅਰਜ਼ੀ ਦੇ ਸਕਦਾ ਹੈ। ਸੂਚਨਾ ਬੇਨਤੀਆਂ ਅਤੇ ਅਰਜ਼ੀਆਂ ਨੂੰ ਡਾਕ ਰਾਹੀਂ ਇੱਥੇ ਭੇਜਿਆ ਜਾ ਸਕਦਾ ਹੈ:

Kaiser Permanente MFA Program
PO Box 34584
Seattle, Washington 98124-1584

g. **ਵਿਅਕਤੀਗਤ ਤੌਰ 'ਤੇ ਮੁਕੰਮਲ ਕੀਤੀ ਅਰਜ਼ੀ ਪ੍ਰਦਾਨ ਕਰੋ।** ਮੁਕੰਮਲ ਕੀਤੀਆਂ ਅਰਜ਼ੀਆਂ ਕਿਸੇ ਵੀ KP ਸਹੂਲਤ 'ਤੇ ਕਿਸੇ ਵੀ ਚੈੱਕ-ਇਨ ਡੈਸਕ ਜਾਂ ਬਿਜ਼ਨਸ ਆਫਿਸ ਨੂੰ ਵਿਅਕਤੀਗਤ ਤੌਰ 'ਤੇ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ।

**V. ਯੋਗਤਾ ਸੰਬੰਧੀ ਮਾਪਦੰਡ।** MFA ਯੋਗਤਾ ਨਿਰਧਾਰਿਤ ਕਰਦੇ ਸਮੇਂ ਮਰੀਜ਼ ਦੀ ਘਰੇਲੂ ਆਮਦਨੀ 'ਤੇ ਵਿਚਾਰ ਕੀਤਾ ਜਾਂਦਾ ਹੈ। (ਪਾਲਿਸੀ ਦੇ ਸੈਕਸ਼ਨ 5.6.1 ਨੂੰ ਵੇਖੋ।)

a. ਸਾਧਨ ਟੈਸਟ ਕਰਨ ਦੇ ਮਾਪਦੰਡ: ਸੰਘੀ ਗਰੀਬੀ ਲਈ ਹਿਦਇਤਾਂ ਦੇ 300% ਤੱਕ।

**VI. ਛੋਟ ਸਾਰਣੀ।** KP ਮੈਡੀਕਲ ਵਿੱਤੀ ਸਹਾਇਤਾ ਲਈ ਯੋਗ ਮਰੀਜ਼ ਤੋਂ ਜੋ ਰਕਮਾਂ ਵਸੂਲਦਾ ਹੈ, ਉਹ ਪ੍ਰੋਗਰਾਮ ਲਈ ਮਰੀਜ਼ ਨੂੰ ਯੋਗ ਬਣਾਉਣ ਲਈ ਵਰਤੇ ਜਾਂਦੇ ਯੋਗਤਾ ਸੰਬੰਧੀ ਮਾਪਦੰਡਾਂ ਦੀ ਕਿਸਮ 'ਤੇ ਆਧਾਰਿਤ ਹੁੰਦੀਆਂ ਹਨ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**

a. **ਮਰੀਜ਼ ਜੋ ਸਾਧਨ ਟੈਸਟ ਕਰਨ ਦੇ ਮਾਪਦੰਡ ਨੂੰ ਪੂਰਾ ਕਰਦਾ ਹੋਵੇ।** ਇੱਕ ਅਜਿਹਾ ਮਰੀਜ਼ ਜੋ ਸਾਧਨ ਟੈਸਟ ਕਰਨ ਦੇ ਮਾਪਦੰਡਾਂ ਨੂੰ ਪੂਰਾ ਕਰਦਾ ਹੈ, ਮਰੀਜ਼ ਦੀ ਲਾਗਤ ਜਾਂ ਪ੍ਰਦਾਨ ਕੀਤੀਆ ਸੇਵਾਵਾਂ ਲਈ ਉਹਨਾਂ ਖਰਚਿਆਂ ਦੇ ਹਿੱਸੇ 'ਤੇ ਇੱਕ ਸਲਾਈਡਿੰਗ ਸਕੇਲ ਲਈ ਛੋਟ ਪ੍ਰਾਪਤ ਕਰੇਗਾ ਜਿਸ ਲਈ ਮਰੀਜ਼ ਜ਼ਿੰਮੇਵਾਰ ਹੁੰਦਾ ਹੈ। ਛੋਟ ਦੀ ਰਕਮ ਮਰੀਜ਼ ਦੀ ਘਰੇਲੂ ਆਮਦਨ ਦੁਆਰਾ ਹੇਠ ਲਿਖੇ ਅਨੁਸਾਰ ਨਿਰਧਾਰਿਤ ਕੀਤੀ ਜਾਂਦੀ ਹੈ:

| **ਸੰਘੀ ਗਰੀਬੀ ਦੀਆਂ ਹਿਦਾਇਤਾਂ ਦੀ ਪ੍ਰਤੀਸ਼ਤਤਾ** | | **ਵਿੱਤੀ ਸਹਾਇਤਾ ਛੋਟ** |
|---|---|---|
| **ਤੋਂ** | **ਤੱਕ** | |
| 0% | 200% | 100% ਛੋਟ |
| 201% | 250% | 75% ਛੋਟ |
| 251% | 300% | 50% ਛੋਟ |

ਜੇ ਅੰਸ਼ਕ ਛੋਟ (100% ਤੋਂ ਘੱਟ) ਦਿੱਤੀ ਜਾਂਦੀ ਹੈ, ਤਾਂ ਬਾਕੀ ਬਕਾਏ ਦਾ ਪੂਰਾ ਭੁਗਤਾਨ ਕਰਨ ਦੀ ਲੋੜ ਹੁੰਦੀ ਹੈ ਜਾਂ ਮਰੀਜ਼ ਕੋਲ ਵਿਆਜ-ਮੁਕਤ ਭੁਗਤਾਨ ਯੋਜਨਾ ਦੇ ਸੈੱਟ ਅੱਪ ਨੂੰ ਸ਼ਾਮਲ ਕਰਨ ਦਾ ਇੱਕ ਵਿਕਲਪ ਹੁੰਦਾ ਹੈ।

**VII. ਆਮ ਤੌਰ 'ਤੇ ਬਿਲ ਵਜੋਂ ਬਣਾਈ ਰਕਮ (AGB) ਦੀ ਗਣਨਾ ਦਾ ਆਧਾਰ।** KFHP/H ਕਿਸੇ ਵੀ ਐਮਰਜੈਂਸੀ ਜਾਂ ਹੋਰ ਮੈਡੀਕਲ ਤੌਰ 'ਤੇ ਜ਼ਰੂਰੀ ਦੇਖਭਾਲ ਲਈ AGB ਦਰ ਨਾਲ ਦੇਖਭਾਲ ਲਈ ਕੁੱਲ ਖਰਚਿਆਂ ਨੂੰ ਗੁਣਾ ਕਰਕੇ ਲੁੱਕ ਬੈਕ ਵਿਧੀ ਦੀ ਵਰਤੋਂ ਕਰਕੇ AGB ਨੂੰ ਨਿਰਧਾਰਿਤ ਕੀਤਾ ਜਾਂਦਾ ਹੈ। AGB ਦਰ ਅਤੇ ਗਣਨਾ ਸੰਬੰਧੀ ਜਾਣਕਾਰੀ KFHP/H MFA ਵੈੱਬਸਾਈਟ www.kp.org/mfa/wa (ਅੰਗਰੇਜ਼ੀ ਵਿੱਚ) 'ਤੇ ਉਪਲਬਧ ਹੈ।

Proprietary Information. Kaiser Permanente. All rights reserved.
Publication, duplication, disclosure or use for any purpose not expressly authorized in writing is prohibited.
**Printed copies are for reference only. Please see electronic copy for latest approved version.**